KHETI DUNIYAN, PATIALA
Excellence in Agri Info
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-

# ਖੇਤੀ ਦੁਨੀਆਂ

www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 01-11-2025 • Vol.43 No.44 • M. 90410-14575 • Page 16 E-mail : khetiduniyan1983@gmail.com



## ਕਿਸਾਨਾਂ ਵੱਲੋਂ ਆਪਣੇ ਰੱਖੇ ਕਣਕ ਦੇ ਬੀਜ ਦੀ ਬਿਜਾਈ ਤੋਂ ਪਹਿਲਾਂ ਸਾਫ-ਸਫਾਈ ਅਤੇ ਪਰਖ

ਕਈ ਕਿਸਾਨਾਂ ਵੱਲੋਂ ਬਿਜਾਈ ਤੋਂ ਪਹਿਲਾਂ ਕਣਕ ਦੇ ਨਵੇਂ ਬੀਜ ਦੀ ਖਰੀਦ ਕੀਤੀ ਜਾਂਦੀ ਹੈ ਪਰ ਫਿਰ ਵੀ ਬਹੁਤ ਸਾਰੇ ਕਿਸਾਨਾਂ ਵੱਲੋਂ ਆਪਣੇ ਘਰ ਦੇ ਰੱਖੇ ਬੀਜ ਨਾਲ ਹੀ ਬਿਜਾਈ ਕੀਤੀ ਜਾਂਦੀ ਹੈ। ਆਮ ਤੌਰ ਤੇ ਕਿਸਾਨ ਵੀਰਾਂ ਦੁਆਰਾ ਆਪਣੇ ਘਰ ਦੇ ਰੱਖੇ ਬੀਜ ਦੀ ਬਿਜਾਈ ਤੋਂ ਪਹਿਲਾਂ ਸਾਫ਼-ਸਫ਼ਾਈ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਬੀਜ ਦੀ ਉੱਗਣ ਸ਼ਕਤੀ ਦੀ ਪਰਖ ਕੀਤੀ ਜਾਂਦੀ ਹੈ। ਆਮ ਤੌਰ ਤੇ ਬਰੀਕ (ਮਾਜੂ) ਦਾਣੇ ਅਤੇ ਟੋਟੇ ਨੂੰ ਵੀ ਨਾਲ ਹੀ ਬੀਜ ਦਿੱਤਾ ਜਾਂਦਾ ਹੈ, ਜਿਸ ਕਰਕੇ ਕਈ ਵਾਰ ਕਣਕ ਘੱਟ ਜੰਮਦੀ ਹੈ। ਇਸੇ ਤਰ੍ਹਾਂ ਕਈ ਵਾਰ ਘੱਟ ਜੰਮਣ ਸ਼ਕਤੀ ਵਾਲਾ ਬੀਜ ਵਰਤਣ ਨਾਲ ਵੀ ਕਣਕ ਦਾ ਜੰਮ ਘੱਟ ਹੁੰਦਾ ਹੈ। ਇਸ ਲਈ ਘਰ ਦੇ ਰੱਖੇ ਬੀਜ ਦੀ ਬਿਜਾਈ ਤੋਂ ਪਹਿਲਾਂ ਸਾਫ਼-ਸਫ਼ਾਈ ਅਤੇ ਪਰਖ ਜ਼ਰੂਰ ਕਰ ਲੈਣੀ ਚਾਹੀਦੀ ਹੈ।

★ ਬੀਜ ਨੂੰ ਬੀਜਣ ਤੋਂ ਪਹਿਲਾਂ ਇਸ ਦੀ ਸਾਫ਼-ਸਫ਼ਾਈ ਅਤੇ ਉੱਗਣ ਸ਼ਕਤੀ ਦੀ ਪਰਖ ਕਰਨ ਲਈ ਇਹ ਸਮਾਂ ਬਿਲਕੁਲ ਢੁੱਕਵਾਂ ਹੈ। ਕਿਸਾਨਾਂ ਵੱਲੋਂ ਡਰੰਮਾਂ, ਢੋਲਾਂ ਜਾਂ ਬੋਰੀਆਂ ਵਿੱਚ ਸਾਂਭੇ ਬੀਜ ਨੂੰ ਬੀਜਣ ਤੋਂ ਪਹਿਲਾਂ ਬਾਹਰ ਕੱਢ ਕੇ ਸਾਫ਼ ਕਰ ਲੈਣਾ ਬਹੁਤ ਜ਼ਰੂਰੀ ਹੈ।

★ ਜੇਕਰ ਬੀਜ ਨੂੰ ਸਟੋਰ ਕਰਨ ਤੋਂ ਪਹਿਲਾਂ ਸਾਫ਼ ਨਹੀਂ ਕੀਤਾ ਗਿਆ ਤਾਂ ਇਸ ਨੂੰ ਹੁਣ ਛਾਣਨੇ ਦੇ ਨਾਲ ਛਾਣ ਕੇ ਬੀਜ ਵਿੱਚੋਂ ਟੁੱਟੇ, ਬਰੀਕ (ਮਾਜੂ) ਦਾਣੇ ਅਤੇ ਨਦੀਨਾਂ ਦੇ ਬੀਜਾਂ ਨੂੰ ਵੱਖ ਕਰ ਦੇਣਾ ਚਾਹੀਦਾ ਹੈ ਅਤੇ ਕੇਵਲ ਮੋਟੇ ਸਾਫ਼ ਦਾਣੇ ਹੀ ਬੀਜ ਲਈ ਵਰਤਣੇ ਚਾਹੀਦੇ ਹਨ।

★ ਜੇਕਰ ਬੀਜ ਨੂੰ ਸੁਸਰੀ ਲੱਗੀ ਹੋਵੇ ਤਾਂ ਇਸ ਨੂੰ ਛਾਣ ਅਤੇ ਛੱਟ ਕੇ ਸਾਫ਼ ਕਰ ਲਵੋ ਅਤੇ ਮੋਰੀਆਂ ਵਾਲੇ ਅਤੇ ਦਾਗੀ ਦਾਣੇ ਕੱਢ ਦਿਉ।

★ ਦੱਖਣੀ ਪੰਜਾਬ ਦੇ ਕੁੱਝ ਜ਼ਿਲ੍ਹਿਆਂ ਵਿੱਚ ਪਿਛਲੇ ਸਾਲ ਕਣਕ ਵਿੱਚ ਕਰਨਾਲ ਬੰਟ ਦੀ ਸਮੱਸਿਆ ਦੇਖਣ ਨੂੰ ਮਿਲੀ ਹੈ, ਜਿਸ ਵਿੱਚ ਕਣਕ ਦੇ ਬੀਜ ਦੇ ਸਿਰਿਆਂ ਤੇ ਕਾਲਾ ਧੂੜਾ ਜਿਹਾ ਲੱਗਿਆ ਹੁੰਦਾ ਹੈ। ਕਣਕ ਦੇ ਪ੍ਰਮਾਣਿਤ ਬੀਜ ਵਿੱਚ ਵੱਧ ਤੋਂ ਵੱਧ 0.25 ਪ੍ਰਤੀਸ਼ਤ ਕਰਨਾਲ ਬੰਟ ਵਾਲੇ ਬੀਜ ਹੋ ਸਕਦੇ ਹਨ।

★ ਇਸ ਲਈ ਜਿਸ ਵੀ ਕਣਕ ਦੇ ਬੀਜ ਵਿੱਚ ਇਹ ਸਮੱਸਿਆ ਦੇਖਣ ਨੂੰ ਮਿਲੇ, ਉਸ ਬੀਜ ਵਿੱਚੋਂ ਕਾਲੇ ਧੂੜੇ ਵਾਲੇ ਬੀਜ ਚੁੱਗ ਕੇ ਵੱਖ ਕਰਕੇ ਨਸ਼ਟ ਕਰ ਦਿਓ ਅਤੇ ਇਸ ਬਿਮਾਰੀ ਤੋਂ ਰਹਿਤ ਬੀਜ ਹੀ ਵਰਤੋਂ ਤਾਂ ਜੋ ਇਹ ਬਿਮਾਰੀ ਅੱਗੇ ਨਾ ਫ਼ੈਲੇ।

★ ਬੀਜ ਨੂੰ ਸਾਫ਼ ਕਰਨ ਉਪਰੰਤ ਇਸ ਦੀ ਉੱਗਣ ਸ਼ਕਤੀ ਦੀ ਪਰਖ ਵੀ ਘਰੇਲੂ ਪੱਧਰ ਤੇ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਸ ਦੀ ਉੱਗਣ ਸ਼ਕਤੀ ਦਾ ਪਤਾ ਲੱਗ ਸਕੇ।

★ ਉੱਗਣ ਸ਼ਕਤੀ ਦੀ ਪਰਖ ਘਰੇਲੂ ਪੱਧਰ ਤੇ ਆਸਾਨ ਤਰੀਕੇ ਨਾਲ ਕੀਤੀ ਜਾ ਸਕਦੀ ਹੈ। ਇਸ ਲਈ ਦੋ ਸਾਫ਼ ਸੁਥਰੀਆਂ ਜੂਟ ਦੀਆਂ ਬੋਰੀਆਂ ਨੂੰ ਤਾਜ਼ੇ ਸਾਫ਼ ਪਾਣੀ ਨਾਲ ਗਿੱਲੀਆਂ ਕਰ ਲਵੋ। ਇਸ ਉਪਰੰਤ ਇੱਕ ਬੋਰੀ ਨੂੰ ਸਾਫ਼ ਸੁਥਰੇ ਫ਼ਰਸ਼ ਜਾਂ ਤਰਪਾਲ ਉੱਪਰ ਛਾਂ ਵਾਲੀ ਥਾਂ ਤੇ ਰੱਖੋ। ਇਸ ਬੋਰੀ ਉੱਪਰ ਗਿਣ ਕੇ 100 ਜਾਂ 200 ਬੀਜ ਇਕੱਲੇ-ਇਕੱਲੇ ਕਰਕੇ ਇੱਕੋ ਜਿਹੀ ਦੂਰੀ ਤੇ ਰੱਖ ਦਿਓ।

★ ਇਸ ਉਪਰੰਤ ਇਹਨਾਂ ਬੀਜਾਂ ਨੂੰ ਦੂਜੀ ਬੋਰੀ ਨਾਲ ਢੱਕ ਦਿਓ ਅਤੇ ਬਾਅਦ ਵਿੱਚ ਲੋੜ ਅਨੁਸਾਰ ਪਾਣੀ ਦਾ ਛਿੱਟਾ ਦੇ ਕੇ ਬੋਰੀਆਂ ਨੂੰ ਗਿੱਲੇ ਕਰਦੇ ਰਹੋ।

★ 7-10 ਦਿਨਾਂ ਬਾਅਦ ਉੱਪਰਲੀ ਬੋਰੀ ਨੂੰ ਪਾਸੇ ਹਟਾ ਕੇ ਉੱਗੇ ਹੋਏ ਬੀਜਾਂ ਨੂੰ ਗਿਣ ਲਵੋ। ਕਣਕ ਦੀ ਫ਼ਸਲ ਵਿੱਚ ਉੱਗਣ ਸ਼ਕਤੀ ਘੱਟੋ-ਘੱਟ 85 ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਇਸ ਲਈ ਜੇਕਰ ਉੱਗੇ ਹੋਏ ਬੀਜਾਂ ਦੀ ਗਿਣਤੀ 85 ਪ੍ਰਤੀਸ਼ਤ ਤੋਂ ਵੱਧ ਜਾਂ 85 ਦੇ ਨੇੜੇ-ਤੇੜੇ ਹੋਵੇ ਤਾਂ ਇਸ ਨੂੰ ਬੀਜ ਲਈ ਵਰਤਿਆ ਜਾ ਸਕਦਾ ਹੈ।

★ ਜੇਕਰ ਕਿਸੇ ਕਾਰਨ ਕਰਕੇ ਉੱਗਣ ਸ਼ਕਤੀ ਘੱਟ ਆਉਂਦੀ ਹੈ ਤਾਂ ਇਸ ਨੂੰ ਦੁਬਾਰਾ ਇੱਕ ਵਾਰ ਫਿਰ ਪਰਖ ਕਰ ਲਵੋ।

★ ਫਿਰ ਵੀ ਜੇਕਰ ਇਸਦੀ ਉੱਗਣ ਸ਼ਕਤੀ ਘੱਟ ਆਉਂਦੀ ਹੈ ਤਾਂ ਸਮੇਂ ਸਿਰ ਸਹੀ ਬੀਜ ਦਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ।

**ਅਮਨਦੀਪ ਸਿੰਘ ਬਰਾੜ ਅਤੇ ਤਰਵਿੰਦਰ ਪਾਲ ਸਿੰਘ, ਦਫਤਰ ਨਿਰਦੇਸ਼ਕ (ਬੀਜ), ਪੀ. ਏ. ਯੂ., ਲੁਧਿਆਣਾ (ਮੋ. 98142-19099)**

## ਵਿਸ਼ਵ ਪ੍ਰਸਿੱਧ ਝੋਟੇ ਯੁਵਰਾਜ ਦੀ 23 ਸਾਲ ਦੀ ਉਮਰ ਵਿੱਚ ਮੌਤ

### 29 ਸੂਬਾ ਤੇ ਕੌਮੀ ਮੁਕਾਬਲਿਆਂ ਵਿੱਚ ਰਿਹਾ ਸੀ ਚੈਂਪੀਅਨ, 9 ਕਰੋੜ ਸੀ ਕੀਮਤ



ਬਲਾਕ ਬਾਬੈਨ ਦੇ ਪਿੰਡ ਸੁਨਾਰੀਆਂ ਦੇ ਕਰਮਵੀਰ ਸਿੰਘ ਦੇ ਵਿਸ਼ਵ ਪ੍ਰਸਿੱਧ ਝੋਟੇ ਯੁਵਰਾਜਾ ਦੀ 23 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਕਰਮਵੀਰ ਦਾ ਝੋਟਾ 29 ਵਾਰ ਕੌਮੀ ਅਤੇ ਸੂਬਾ ਪੱਧਰੀ ਮੇਲਿਆਂ ਵਿੱਚ ਆਪਣੀ ਮੁਰ੍ਹਾ ਨਸਲ ਵਿੱਚ ਚੈਂਪੀਅਨ ਰਿਹਾ। ਯੁਵਰਾਜ ਨੇ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਹੈਦਰਾਬਾਦ, ਪਟਨਾ, ਚਿੱਤਰਕੂਟ ਵਿੱਚ ਮੁਕਾਬਲਿਆਂ ਵਿੱਚ ਕਈ ਵੱਡੇ ਇਨਾਮ ਆਪਣੇ ਨਾਂ ਕੀਤੇ ਸਨ। ਯੁਵਰਾਜ ਦਾ ਭਾਰ ਲਗਭਗ 1500 ਕਿਲੋ, ਲੰਬਾਈ ਨੌਂ ਫੁੱਟ ਅਤੇ ਉੱਚਾਈ ਛੇ ਫੁੱਟ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਦਿੱਲੀ ਦੇ ਪ੍ਰੋਗਰਾਮ ਵਿੱਚ ਯੁਵਰਾਜ ਨੂੰ ਦੇਖ ਕੇ ਉਸਦੀ ਸ਼ਲਾਘਾ ਕੀਤੀ ਸੀ।

ਝੋਟੇ ਦੇ ਮਾਲਕ ਕਰਮਵੀਰ ਸਿੰਘ ਸੁਨਾਰੀਆਂ ਨੇ ਕਿਹਾ ਕਿ ਯੁਵਰਾਜ ਦੀ ਕੀਮਤ ਨੌਂ ਕਰੋੜ ਰੁਪਏ ਸੀ। ਉਹ ਆਪਣੇ ਝੋਟੇ ਨੂੰ ਪੁੱਤਰਾਂ ਵਾਂਗ ਪਿਆਰ ਕਰਦਾ ਸੀ, ਜਿਸ ਕਾਰਨ ਉਹ ਉਸ ਨੂੰ ਕਿਸੇ ਵੀ ਕੀਮਤ 'ਤੇ ਵੇਚਣ ਲਈ ਤਿਆਰ ਨਹੀਂ ਸੀ। ਯੁਵਰਾਜ ਕਰੀਬ ਦੋ ਲੱਖ ਕੱਟੇ ਅਤੇ ਕੱਟੀਆਂ ਦਾ ਪਿਤਾ ਸੀ। ਯੁਵਰਾਜ ਤੋਂ ਉਨ੍ਹਾਂ ਨੂੰ ਸਾਲਾਨਾ 80 ਲੱਖ ਰੁਪਏ ਤੱਕ ਕਮਾਈ ਹੁੰਦੀ ਸੀ ਅਤੇ ਝੋਟੇ ਦੀ ਖੁਰਾਕ ਤੇ ਦੇਖਭਾਲ 'ਤੇ ਹਰ ਮਹੀਨੇ ਲੱਖਾਂ ਰੁਪਏ ਖਰਚ ਕੀਤੇ ਜਾਂਦੇ ਸਨ। ਉਹ ਯੁਵਰਾਜ ਨੂੰ ਰੋਜ਼ਾਨਾ 20 ਲੀਟਰ ਦੁੱਧ, 10 ਕਿਲੋ ਫਲ, 10 ਕਿਲੋ ਅਨਾਜ, 8 ਕਿਲੋ ਮਟਰ ਅਤੇ ਹਰਾ ਚਾਰਾ ਖੁਆਉਂਦੇ ਸਨ। ਯੁਵਰਾਜ ਨੂੰ ਹਰ ਰੋਜ਼ ਸ਼ਾਮ ਨੂੰ ਛੇ ਕਿਲੋਮੀਟਰ ਦੀ ਸੈਰ ਲਈ ਵੀ ਲਿਜਾਇਆ ਜਾਂਦਾ ਸੀ।

BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੇਂਟ ਡਿਜ਼ਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

**ਅੰਦਰ ਪੜ੍ਹੋ**



ਕਣਕ ਵਿੱਚ ਗੁੱਲੀ ਡੰਡੇ ਦੀ ਰੋਕਥਾਮ ਲਈ ਮੁੱਢਲਾ ਨਦੀਨ ਪ੍ਰਬੰਧ ਜ਼ਰੂਰੀ

ਧਰਤੀ ਮਾਂ ਤੇ ਪ੍ਰਦੂਸ਼ਣ, ਜ਼ਿੰਮੇਵਾਰ ਕੌਣ?





ਆਰਗੈਨਿਕ ਕਣਕ ਦੀ ਘਰੇਲੂ ਪੱਧਰ 'ਤੇ ਬਿਜਾਈ

ਹੁਣ ਬਰਡ ਫਲੂ ਦੀ ਲਪੇਟ ਵਿੱਚ ਜਰਮਨੀ, 5 ਲੱਖ ਮੁਰਗੀਆਂ, ਬੱਤਖਾਂ ਅਤੇ ਹੰਸਾਂ ਦੀ ਮੌਤ





**ਮੰਡੀ ਵਿੱਚ ਕਿਸਾਨਾਂ ਨੂੰ ਜਿਣਸ ਦਾ ਸਹੀ ਮੁੱਲ ਲੈਣ ਲਈ ਫ਼ਸਲ ਦੀ ਤੁਲਾਈ ਆਪਣੇ ਸਾਹਮਣੇ ਕਰਵਾਣੀ ਚਾਹੀਦੀ ਹੈ...**

# ਕਿਵੇਂ ਕਰੀਏ ਸਹੀ ਮੰਡੀਕਰਨ

ਰਾਜ ਕੁਮਾਰ

ਪੰਜਾਬ ਮੰਡੀ ਬੋਰਡ ਵੱਲੋਂ ਸਾਉਣੀ ਦੇ 2025-26 ਮੰਡੀਕਰਨ ਸੀਜ਼ਨ ਦੌਰਾਨ 152 ਰੈਗੂਲੇਟਿਡ ਮੰਡੀਆਂ ਤੇ ਉਨ੍ਹਾਂ ਨਾਲ ਜੁੜੇ 283 ਅਹਾਤਿਆਂ (ਸਬ ਯਾਰਡ) ਸਣੇ ਕੁੱਲ 1822 ਖ਼ਰੀਦ ਕੇਂਦਰਾਂ ਵਿੱਚ ਜਿਣਸ ਦੀ ਸੁਚੱਜੀ ਖ਼ਰੀਦ ਲਈ ਪੁੱਖਤਾ ਪ੍ਰਬੰਧ ਕੀਤੇ ਗਏ ਹਨ। ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੀ ਜਲਦੀ, ਸੌਖਿਆਂ ਤੇ ਖਾਤੇ ਵਿੱਚ ਸਿੱਧੀ ਅਦਾਇਗੀ ਕਰਨ ਲਈ ਸਰਕਾਰ ਨੇ ਆਨਲਾਈਨ ਅਨਾਜ ਖ਼ਰੀਦ ਪੋਰਟਲ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਕਿਸਾਨਾਂ ਵਲੋਂ ਵੇਚੀ ਜਿਣਸ ਦੀ ਅਦਾਇਗੀ ਤੇ ਬੋਨਸ, ਜੇਕਰ ਕੋਈ ਹੈ, ਉਸ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧਾ ਆਨਲਾਈਨ ਕੀਤਾ ਜਾਣਾ ਹੈ। ਇਸ ਸਹੂਲਤ ਦਾ ਲਾਭ ਲੈਣ ਲਈ ਕਿਸਾਨਾਂ ਦੀ ਇਸ ਪੋਰਟਲ 'ਤੇ ਰਜਿਸਟ੍ਰੇਸ਼ਨ ਹੋਣੀ ਲਾਜ਼ਮੀ ਹੈ। ਪਹਿਲਾਂ ਆੜ੍ਹਤੀਏ ਕੋਲ ਆਪਣੀ ਜ਼ਮੀਨ ਦੀ ਮੈਪਿੰਗ ਜ਼ਰੂਰ ਕਰਵਾ ਲਈ ਜਾਵੇ ਤਾਂ ਜੋ ਮੰਡੀਕਰਣ ਸਮੇਂ ਕੋਈ ਮੁਸ਼ਕਿਲ ਨਾ ਆਵੇ। ਜਿਣਸ ਦੀ ਦਰਜਾਬੰਦੀ ਕਰ ਕੇ ਵੇਚਣ ਨਾਲ ਇਸ ਦੀ ਉੱਚੀ ਕੀਮਤ ਵਸੂਲੀ ਜਾ ਸਕਦੀ ਹੈ। ਵਾਜਬ ਮੁੱਲ ਲੈਣ ਲਈ ਮੰਡੀ ਵਿੱਚ ਜਿਣਸ ਨੂੰ ਸੁਕਾ ਕੇ ਲੈ ਕੇ ਜਾਉ ਤਾਂ ਜੋ ਬੋਲੀ ਸਮੇਂ ਸਿਰ ਹੋ ਸਕੇ। ਮੰਡੀ ਵਿੱਚ ਜਿਣਸ ਦੀ ਬੋਲੀ ਤੇ ਤੁਲਾਈ ਆਪਣੀ ਨਿਗਰਾਨੀ ਹੇਠ ਕਰਵਾਉਣੀ ਚਾਹੀਦੀ ਹੈ। ਜੇਕਰ ਤੁਲਾਈ ਵਿੱਚ ਕਿਸੇ ਵੀ ਤਰ੍ਹਾਂ ਦੀ ਧਾਂਦਲੀ ਦਾ ਸ਼ੱਕ ਹੋਵੇ ਤਾਂ ਪੰਜਾਬ ਮੰਡੀ ਐਕਟ ਮੁਤਾਬਕ 10 ਪ੍ਰਤੀਸ਼ਤ ਤੱਕ ਜਿਣਸ ਦੀ 'ਪਰਖ ਤੁਲਾਈ' ਪੰਜਾਬ ਮੰਡੀ ਬੋਰਡ ਦੇ ਕਰਮਚਾਰੀ ਦੀ ਹਾਜ਼ਰੀ ਵਿੱਚ ਬਿਨਾਂ ਕਿਸੇ ਫੀਸ ਦਿੱਤਿਆਂ ਕਰਵਾਈ ਜਾ ਸਕਦੀ ਹੈ। ਕਿਸੇ ਹੇਰਾ-ਫੇਰੀ ਦੀ ਸੂਰਤ ਵਿੱਚ ਕਿਸਾਨ ਉਸ ਦੀ ਕੀਮਤ ਲੈਣ ਦਾ ਹੱਕਦਾਰ ਹੋਵੇਗਾ। ਫ਼ਸਲ ਵੇਚਣ ਤੋਂ ਬਾਅਦ 'ਫਾਰਮ ਜੇ' ਜ਼ਰੂਰ ਲੈ ਲੈਣਾ ਚਾਹੀਦਾ ਹੈ। ਇਸ ਨੂੰ ਸਰਕਾਰੀ ਦਸਤਾਵੇਜ਼ ਦੀ ਤਰ੍ਹਾਂ ਆਪਣੀ ਆਮਦਨ ਦੇ ਸਬੂਤ ਵਜੋਂ ਵੀ ਵਰਤਿਆ ਜਾ ਸਕਦਾ ਹੈ। 'ਜੇ ਫਾਰਮ' ਹੋਲਡਰ ਕਿਸਾਨ ਆਯੁਸ਼ਮਾਨ ਹੈਲਥ ਸਕੀਮ ਤਹਿਤ ਰਜਿਸਟ੍ਰੇਸ਼ਨ ਕਰਵਾਉਣ ਲਈ ਸਬੰਧਿਤ ਮਾਰਕੀਟ ਕਮੇਟੀ ਵਿਖੇ ਸੰਪਰਕ ਕਰ ਸਕਦੇ ਹਨ।

ਉਪਜ ਦਾ ਵਧੀਆ ਮੁੱਲ ਲੈਣ ਲਈ ਕਿਸਾਨ ਆਪਣੀ ਪੱਧਰ ਤੇ ਗਰੁੱਪ ਜਾਂ ਸਹਿਕਾਰੀ ਸੰਸਥਾਵਾਂ ਬਣਾ ਸਕਦੇ ਹਨ। ਵੱਖ-ਵੱਖ ਮੰਡੀਆਂ ਵਿੱਚ ਮਿਲਣ ਵਾਲੇ ਭਾਅ ਬਾਰੇ ਜਾਣਕਾਰੀ ਜ਼ਰੂਰ ਰੱਖੀ ਜਾਵੇ ਤੇ ਜਿੱਥੇ ਕੀਮਤ ਵਧੀਆ ਮਿਲ ਰਹੀ ਹੋਵੇ ਉਥੇ ਹੀ ਫ਼ਸਲ ਦੀ ਵਿਕਰੀ ਕੀਤੀ ਜਾਵੇ। ਜਿਣਸ ਦੀ ਵਿਕਰੀ 'ਤੇ ਆੜ੍ਹਤ ਦੀ ਦਰ 2.5 ਫ਼ੀਸਦੀ ਹੈ। ਪਰਮਲ ਝੋਨੇ, ਬਾਸਮਤੀ, ਮੱਕੀ ਤੇ ਕਪਾਹ ਤੇ ਮਾਰਕੀਟ ਫੀਸ ਦੀ ਦਰ ਕ੍ਰਮਵਾਰ 3, 1, 1 ਅਤੇ 0.5 ਫ਼ੀਸਦੀ ਹੈ ਜਦਕਿ ਪੇਂਡੂ ਵਿਕਾਸ ਫੀਸ ਦੀ ਦਰ ਕ੍ਰਮਵਾਰ 3, 1, 2 ਅਤੇ 0.5 ਫ਼ੀਸਦੀ ਹੈ। ਇਹ ਸਾਰੇ ਖਰਚੇ ਖ਼ਰੀਦਦਾਰ ਵੱਲੋਂ ਦਿੱਤੇ ਜਾਂਦੇ ਹਨ ਨਾ ਕਿ ਕਿਸਾਨ ਵੱਲੋਂ। ਕਿਸਾਨ ਵੀਰ ਤੇ ਕਾਮੇ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਸੁਚੇਤ ਹੋ ਕੇ ਕਰਨ।

## ਮੰਡੀਕਰਨ ਢਾਂਚਾ

ਐਗਰੀਕਲਚਰਲ ਪ੍ਰੋਡਿਊਸ ਮਾਰਕੀਟ ਐਕਟ 1961 ਅਨੁਸਾਰ ਉਪਜ ਦੀ ਵਿਕਰੀ ਖੁੱਲ੍ਹੀ ਬੋਲੀ ਰਾਹੀਂ ਕੀਤੀ ਜਾਂਦੀ ਹੈ ਤੇ ਮੰਡੀ ਪੱਧਰ ਤੇ ਇੱਕ ਕਮੇਟੀ ਬਣਾਈ ਜਾਂਦੀ ਹੈ, ਜਿਸ ਦੀ ਪ੍ਰਤੀਨਿਧਤਾ ਕਿਸਾਨ, ਵਪਾਰੀ, ਮੰਡੀ ਮਜ਼ਦੂਰ, ਖੇਤੀਬਾੜੀ ਅਧਿਕਾਰੀ ਤੇ ਸਹਿਕਾਰੀ ਵਿਭਾਗ ਕਰਦੇ ਹਨ। ਪੰਜਾਬ ਵਿੱਚ ਰੈਗੂਲੇਟਿਡ ਮੰਡੀਆਂ ਦੀ ਗਿਣਤੀ 1970-71 ਵਿੱਚ 88 ਤੋਂ ਵੱਧ ਕੇ ਸਾਲ 2023-24 ਵਿੱਚ 152 ਹੋ ਗਈ ਤੇ ਇਨ੍ਹਾਂ ਨਾਲ ਜੁੜੇ ਅਹਾਤਿਆਂ ਦੀ ਗਿਣਤੀ 154 ਤੋਂ ਵੱਧ ਕੇ 283 ਹੋ ਗਈ, ਜਿਸ ਦੇ ਫਲਸਰੂਪ ਪ੍ਰਤੀ ਮੰਡੀ ਪਿੱਛੇ ਰਕਬਾ 573 ਵਰਗ ਕਿਲੋਮੀਟਰ ਤੋਂ ਘੱਟ ਕੇ 331 ਵਰਗ ਕਿਲੋਮੀਟਰ ਤੇ ਆ ਗਿਆ। ਹਰੇਕ ਮੰਡੀ ਦੁਆਰਾ ਲੱਗਭੱਗ 80 ਪਿੰਡਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕਿਸਾਨਾਂ ਨੂੰ ਉਪਜ ਵੇਚਣ ਲਈ 7-8 ਕਿਲੋਮੀਟਰ ਤੋਂ ਵੱਧ ਫ਼ਾਸਲਾ ਨਹੀਂ ਤਹਿ ਕਰਨਾ ਪੈਂਦਾ। ਮੰਡੀਆਂ ਵਿੱਚ ਗਰੇਡਿੰਗ ਦੀਆਂ ਸਹੂਲਤਾਂ ਉਪਲੱਬਧ ਹਨ। ਕੀਮਤਾਂ ਦੀ ਜਾਣਕਾਰੀ ਰੇਡੀਓ, ਟੈਲੀਵਿਜ਼ਨ, ਅਖ਼ਬਾਰ ਰਾਹੀਂ ਦਿੱਤੀ ਜਾਂਦੀ ਹੈ।

## ਮੰਡੀ ਖ਼ਰਚੇ

ਕਿਸਾਨ ਨੇ ਮੰਡੀ ਵਿੱਚ ਕੇਵਲ ਫ਼ਸਲ ਦੀ ਉਤਰਾਈ ਤੇ ਸਫਾਈ ਦਾ ਖ਼ਰਚਾ ਦੇਣਾ ਹੁੰਦਾ ਹੈ। ਪੰਜਾਬ ਮੰਡੀ ਬੋਰਡ ਵੱਲੋਂ ਝੋਨੇ ਦੀ 35 ਤੋਂ 37.5 ਕਿਲੋਗ੍ਰਾਮ ਦੀ ਇਕਾਈ ਦਾ ਖ਼ਰਚਾ 7.70 ਰੁਪਏ ਨਿਰਧਾਰਿਤ ਕੀਤਾ ਗਿਆ ਹੈ, ਜਿਸ ਵਿੱਚ 2.78 ਰੁਪਏ ਜਿਣਸ ਦੀ ਲੁਹਾਈ ਦੇ ਤੇ 4.92 ਰੁਪਏ ਪਾਵਰ ਕਲੀਨਰ ਨਾਲ ਸਫ਼ਾਈ ਦੇ ਹਨ। ਕਪਾਹ ਦੀ 40 ਕਿਲੋ ਦੀ ਪੰਡ ਦਾ ਖ਼ਰਚਾ 6.36 ਰੁਪਏ ਹੈ, ਜਿਸ ਵਿੱਚ 3.49 ਰੁਪਏ ਲੁਹਾਈ ਦੇ 'ਤੇ 2.87 ਰੁਪਏ ਡਰੈਸਿੰਗ ਦੇ ਹਨ। ਮੱਕੀ, ਬਾਜਰਾ, ਮੂੰਗੀ, ਮਾਂਹ ਤੇ ਅਰਹਰ ਦੇ 50 ਕਿਲੋਗ੍ਰਾਮ ਤੇ ਜਵਾਰ ਅਤੇ ਤਿਲ ਦੀ 40 ਕਿਲੋਗ੍ਰਾਮ ਇਕਾਈ ਲਈ ਮਜ਼ਦੂਰੀ ਦਾ ਖ਼ਰਚਾ 7.10 ਰੁਪਏ ਹੈ। ਮੂੰਗਫਲੀ ਦੀ 25 ਕਿਲੋਗ੍ਰਾਮ ਇਕਾਈ ਲਈ 2.88 ਰੁਪਏ ਨਿਰਧਾਰਿਤ ਕੀਤੇ ਗਏ ਹਨ ਜਿਸ ਵਿੱਚ 1.36 ਰੁਪਏ ਲੁਹਾਈ ਦੇ, 1.52 ਰੁਪਏ ਹੱਥੀ ਸਫ਼ਾਈ ਦੇ ਅਤੇ 1.10 ਰੁਪਏ ਡਰੈਸਿੰਗ ਦੇ ਹਨ।

### ਸਮਰੱਥਨ ਮੁੱਲ

ਸਰਕਾਰ ਨੇ ਇਸ ਸਾਲ ਝੋਨੇ ਦੇ ਮੁੱਲ ਵਿੱਚ 69 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ। ਸਧਾਰਨ ਝੋਨੇ ਦਾ ਮੁੱਲ 2369 ਰੁਪਏ ਤੇ 'ਏ' ਗਰੇਡ ਝੋਨੇ ਦਾ ਮੁੱਲ 2389 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਦਰਮਿਆਨੇ ਰੇਸ਼ੇ ਤੇ ਲੰਮੇ ਰੇਸ਼ੇ ਵਾਲੀ ਕਪਾਹ ਦਾ ਭਾਅ 7710 ਰੁਪਏ ਅਤੇ 8110 ਰੁਪਏ ਪ੍ਰਤੀ ਕੁਇੰਟਲ ਹੈ। ਮੱਕੀ ਅਤੇ ਬਾਜਰੇ ਦਾ ਭਾਅ ਕ੍ਰਮਵਾਰ 2400 ਰੁਪਏ ਤੇ 2775 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਜਵਾਰ ਦਾ ਭਾਅ 3699 ਰੁਪਏ ਪ੍ਰਤੀ ਕੁਇੰਟਲ ਹੈ। ਅਰਹਰ, ਮੂੰਗੀ ਅਤੇ ਮਾਂਹ ਦਾ ਸਮਰੱਥਨ ਮੁੱਲ ਕ੍ਰਮਵਾਰ 8000 ਰੁਪਏ, 8768 ਰੁਪਏ ਤੇ 7800 ਰੁਪਏ ਪ੍ਰਤੀ ਕੁਇੰਟਲ ਨਿਸ਼ਚਿਤ ਕੀਤਾ ਗਿਆ ਹੈ। ਮੂੰਗਫਲੀ, ਸੂਰਜਮੁਖੀ, ਸੋਇਆਬੀਨ ਤੇ ਤਿਲਾਂ ਦਾ ਭਾਅ ਕ੍ਰਮਵਾਰ 7263, 7721, 5328 ਤੇ 9846 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ।



# ਬੁੱਟਰ ਦਾ ਕਿਸਾਨ 5 ਸਾਲਾਂ ਤੋਂ ਪਰਾਲੀ ਸਾੜੇ ਬਿਨਾਂ ਕਰ ਰਿਹੈ 72 ਏਕੜ ਦੀ ਖੇਤੀ

**ਆਧੁਨਿਕ ਸੰਦਾਂ ਨਾਲ ਪਰਾਲੀ ਜਲਾਏ ਬਿਨਾਂ ਅਗਲੀ ਫ਼ਸਲ ਦੀ ਬਿਜਾਈ ਹੋਈ ਬੇਹੱਦ ਸੌਖੀ - ਰਿੰਪਾ ਸਿੰਘ**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਤੇ ਖੇਤੀਬਾੜੀ ਟੈਕਨੋਲਾਜੀ ਮੈਨੇਜਮੈਂਟ ਏਜੰਸੀ (ਆਤਮਾ), ਜ਼ਿਲ੍ਹਾ ਮੋਗਾ ਦੀ ਸਹਾਇਤਾ ਨਾਲ ਪਿੰਡ ਬੁੱਟਰ ਦਾ ਕਿਸਾਨ ਰਿੰਪਾ ਸਿੰਘ ਪਿਛਲੇ 5 ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਅੱਗ ਲਗਾਏ 72 ਏਕੜ ਦੀ ਵਾਤਾਵਰਨ ਪੱਖੀ ਖੇਤੀਬਾੜੀ ਕਰ ਰਿਹਾ ਹੈ। ਰਿੰਪਾ ਸਿੰਘ ਦਾ ਕਹਿਣਾ ਹੈ ਕਿ ਸੁਪਰ ਐਸ. ਐਮ. ਐਸ. ਕੰਬਾਇਨ ਨਾਲ ਝੋਨੇ ਦੀ ਕਟਾਈ ਕਰਵਾਉਣ ਤੋਂ ਬਾਅਦ ਮਲਚਰ ਨਾਲ ਪਰਾਲੀ ਖੇਤ ਵਿੱਚ ਮਿਲਾ ਦਿੱਤੀ ਜਾਂਦੀ ਹੈ। ਉਸ ਤੋਂ ਬਾਅਦ ਉਹ ਰੋਟਾਵੇਟਰ, ਫਿਰ ਪਲੋਅ ਅਤੇ ਫਿਰ ਰੋਟਾਵੇਟਰ ਨਾਲ ਖੇਤ ਦੀ ਵਹਾਈ ਕਰਦੇ ਹਨ। ਉਸ ਨੇ ਕਿਹਾ ਕਿ ਇਸ ਵਿਧੀ ਨਾਲ ਉਸ ਨੂੰ ਬਹੁਤ ਲਾਭ ਮਿਲਿਆ ਹੈ। ਖੇਤ ਵਿੱਚ ਗੰਡੋਏ ਬਹੁਤ ਬਣਨ ਲੱਗ ਪਏ ਹਨ, ਜਿਸ ਨਾਲ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਹੋ ਰਿਹਾ ਹੈ, ਇਸ ਨਾਲ ਜ਼ਮੀਨ ਵਿੱਚ ਢੁਕਵਾਂ ਤਾਪਮਾਨ ਅਤੇ ਨਮੀ ਬਣੀ ਰਹਿੰਦੀ ਹੈ, ਨਦੀਨਾਂ ਦੀ ਉਪਜ ਵੀ ਘੱਟ ਹੁੰਦੀ ਹੈ। ਉਸ ਨੇ ਕਿਹਾ ਕਿ ਪਰਾਲੀ ਕੋਈ ਖੇਤ ਦੀ ਵਾਧੂ ਚੀਜ਼ ਨਹੀਂ ਹੈ, ਸਗੋਂ ਇਹ ਖੇਤ ਲਈ ਖਾਦ ਦਾ ਕੰਮ ਕਰਕੇ ਇਸ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਦੀ ਹੈ। ਸਰਕਾਰ ਦੇ ਨਵੇਂ ਆਏ ਆਧੁਨਿਕ ਖੇਤੀਬਾੜੀ ਉਪਕਰਨਾਂ ਨਾਲ ਪਰਾਲੀ ਨੂੰ ਅੱਗ ਲਗਾਉਣ ਦੀ ਕੋਈ ਵੀ ਜ਼ਰੂਰਤ ਨਹੀਂ ਹੈ, ਇਸ ਨਾਲ ਅਗਲੀ ਫ਼ਸਲ ਦੀ ਬਿਜਾਈ ਬਹੁਤ ਹੀ ਕਾਰਗਰ ਤਰੀਕੇ ਨਾਲ ਕੀਤੀ ਜਾ ਸਕਦੀ ਹੈ। ਰਿੰਪਾ ਸਿੰਘ ਪਸ਼ੂ-ਪਾਲਣ ਦਾ ਸਹਾਇਕ ਧੰਦਾ ਵੀ ਬਹੁਤ ਸੁਚੱਜੇ ਤਰੀਕੇ ਨਾਲ ਚਲਾ ਰਿਹਾ ਹੈ। ਉਸ ਨੇ ਕਿਹਾ ਕਿ ਸਮੂਹ ਕਿਸਾਨਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਮੁਹੱਈਆ ਕਰਵਾਉਣ ਲਈ ਪਰਾਲੀ ਸਾੜਨੀ ਬੰਦ ਕਰ ਦੇਣੀ ਚਾਹੀਦੀ ਹੈ, ਕਿਉਂਕਿ ਪਰਾਲੀ ਨਾ ਜਲਾਉਣ ਨਾਲ ਅਗਲੀ ਫ਼ਸਲ ਦੀ ਬਿਜਾਈ ਵਿੱਚ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਂਦੀ, ਕਿਉਂਕਿ ਹੁਣ ਤਾਂ ਖੇਤੀਬਾੜੀ ਵਿਭਾਗ ਵੱਲੋਂ ਵਾਤਾਵਰਨ ਪੱਖੀ ਖੇਤੀਬਾੜੀ ਸੰਦ ਵੀ ਕਿਸਾਨਾਂ ਤੱਕ ਪਹੁੰਚਾ ਦਿੱਤੇ ਹਨ, ਇਸ ਤੋਂ ਝੋਨੇ ਦੀ ਪਰਾਲੀ ਦੇ ਨਿਪਟਾਰੇ ਲਈ ਗੱਠਾਂ ਬਣਾਉਣ ਵਰਗੇ ਹੋਰ ਪ੍ਰਬੰਧ ਵੀ ਕੀਤੇ ਜਾ ਸਕਦੇ ਹਨ, ਜਿਨ੍ਹਾਂ ਨਾਲ ਪਰਾਲੀ ਕਮਾਈ ਦਾ ਸਾਧਨ ਬਣ ਰਹੀ ਹੈ। ਉਸ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸੂਬੇ ਨੂੰ ਜ਼ੀਰੋ ਸਟਬਲ ਬਰਨਿੰਗ ਸੂਬਾ ਬਣਾਉਣ ਵਿੱਚ ਯੋਗਦਾਨ ਪਾਉਣ। ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਦੱਸਿਆ ਕਿ ਉਹ ਰਿੰਪਾ ਸਿੰਘ ਅਤੇ ਅਜਿਹੇ ਹਰ ਇੱਕ ਕਿਸਾਨ ਦੀ ਸ਼ਲਾਘਾ ਕਰਦੇ ਹਨ, ਜਿਹੜੇ ਪਰਾਲੀ ਨੂੰ ਬਿਨਾਂ ਸਾੜੇ ਖੇਤੀ ਕਰ ਰਹੇ ਹਨ।



# ਕਣਕ ਵਿੱਚ ਗੁੱਲੀ ਡੰਡੇ ਦੀ ਰੋਕਥਾਮ ਲਈ ਮੁੱਢਲਾ ਨਦੀਨ ਪ੍ਰਬੰਧ ਜ਼ਰੂਰੀ

ਮਨਪ੍ਰੀਤ ਸਿੰਘ ਅਤੇ ਤਰੁਨਦੀਪ ਕੌਰ, ਫ਼ਸਲ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋਬਾਇਲ : 75891-66117)



ਗੁੱਲੀ ਡੰਡਾ ਕਣਕ ਦਾ ਪ੍ਰਮੁੱਖ ਨਦੀਨ ਹੈ ਜੋ ਕਿ ਵੱਖ-ਵੱਖ ਸਮੇਂ ਤੇ ਕਈ ਲੌਆਂ ਵਿੱਚ ਉੱਗਦਾ ਹੈ । ਗੁੱਲੀ ਡੰਡਾ ਜਾਂ ਤਾਂ ਫ਼ਸਲ ਦੇ ਨਾਲ ਹੀ ਉੱਗ ਜਾਂਦਾ ਹੈ ਜਾਂ ਫਿਰ ਬਾਰਿਸ਼ ਹੋਣ ਕਰਕੇ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਬਾਅਦ ਉੱਗਦਾ ਹੈ । ਸ਼ੁਰੂਆਤ ਵਿੱਚ ਕਣਕ ਦੇ ਜੰਮ ਦੇ ਨਾਲ ਉੱਗਣ ਵਾਲਾ ਪਹਿਲਾ ਲੌ ਕਣਕ ਦੇ ਝਾੜ ਉੱਪਰ ਜ਼ਿਆਦਾ ਅਸਰ ਪਾਉਂਦਾ ਹੈ । ਇਸ ਲਈ ਕਣਕ ਦਾ ਚੰਗਾ ਝਾੜ ਲੈਣ ਲਈ ਸ਼ੁਰੂਆਤੀ ਵਾਧੇ ਸਮੇਂ ਗੁੱਲੀ ਡੰਡੇ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ । ਗੁੱਲੀ ਡੰਡੇ ਤੋਂ ਨਿਜਾਤ ਪਾਉਣ ਵਿੱਚ ਇੱਕ ਵੱਡੀ ਮੁਸ਼ਕਿਲ ਇਹ ਵੀ ਆ ਰਹੀ ਹੈ ਕਿ ਕਣਕ ਵਿੱਚ ਵਰਤੇ ਜਾਣ ਵਾਲੇ ਜ਼ਿਆਦਾਤਰ ਨਦੀਨਨਾਸ਼ਕਾਂ ਪ੍ਰਤੀ ਇਸ ਨਦੀਨ ਨੇ ਰੋਧਨ ਸ਼ਕਤੀ ਪੈਦਾ ਕਰ ਲਈ ਹੈ । ਇਸ ਕਰਕੇ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਕਣਕ ਵਿੱਚ ਗੁੱਲੀ ਡੰਡੇ ਦੀ ਸੁਚੱਜੀ ਰੋਕਥਾਮ ਲਈ ਬਦਲਵੇਂ ਢੰਗਾਂ ਦੀ ਵਰਤੋਂ ਕੀਤੀ ਜਾਵੇ ।

## ਕਾਸ਼ਤਕਾਰੀ ਅਤੇ ਮਸ਼ੀਨੀ ਢੰਗ :

**ਫ਼ਸਲਾਂ ਦਾ ਹੇਰ ਫੇਰ :** ਜਿਨ੍ਹਾਂ ਖੇਤਾਂ ਵਿੱਚ ਗੁੱਲੀ ਡੰਡੇ ਦੀ ਸਮੱਸਿਆ ਬਹੁਤ ਹੀ ਜ਼ਿਆਦਾ ਹੋਵੇ, ਉੱਥੇ ਜੇਕਰ ਸੰਭਵ ਹੋਵੇ ਤਾਂ ਕਣਕ ਦੀ ਥਾਂ ਬਰਸੀਮ, ਕਮਾਦ ਜਾਂ ਆਲੂ ਦੀ ਕਾਸ਼ਤ 1-2 ਸਾਲ ਕਰਨ ਨਾਲ, ਗੁੱਲੀ ਡੰਡੇ ਦੀ ਸਮੱਸਿਆ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ । ਇਸੇ ਤਰ੍ਹਾਂ ਹੀ ਕਮਾਦ ਵਿੱਚ ਕਣਕ ਨਾਲੋਂ ਵੱਖਰੇ ਨਦੀਨਨਾਸ਼ਕਾਂ ਦੀ ਵਰਤੋਂ ਅਤੇ ਕਈ ਵਾਰ ਗੋਡੀਆਂ ਹੋਣ ਕਰਕੇ ਨਦੀਨਾਂ ਦੀ ਚੰਗੀ ਰੋਕਥਾਮ ਹੋ ਜਾਂਦੀ ਹੈ । ਆਲੂ ਵਿੱਚ ਵੀ ਵੱਖਰੇ ਨਦੀਨਨਾਸ਼ਕਾਂ ਦੀ ਵਰਤੋਂ ਅਤੇ ਪੁਟਾਈ ਜਲਦੀ ਹੋਣ ਕਰਕੇ ਨਦੀਨਾਂ ਨੂੰ ਬੀਜ ਪੈਣ ਤੋਂ ਪਹਿਲਾਂ ਹੀ ਨਸ਼ਟ ਕੀਤਾ ਜਾ ਸਕਦਾ ਹੈ ।



**ਨਵੰਬਰ ਦੇ ਪਹਿਲੇ ਹਫ਼ਤੇ ਤੱਕ ਬਿਜਾਈ :** ਗੁੱਲੀ ਡੰਡੇ ਦੇ ਬੀਜ ਨੂੰ ਉੱਗਣ ਲਈ 15-20 ਡਿਗਰੀ ਸੈਲਸੀਅਸ ਤਾਪਮਾਨ ਦੀ ਲੋੜ ਹੁੰਦੀ ਹੈ । ਜਿੰਨਾਂ ਖੇਤਾਂ ਵਿੱਚ ਪਿਛਲੇ ਸਾਲ ਗੁੱਲੀ ਡੰਡੇ ਦੀ ਸਮੱਸਿਆ ਜ਼ਿਆਦਾ ਆਈ ਹੋਵੇ, ਉਨ੍ਹਾਂ ਖੇਤਾਂ ਵਿੱਚ ਅਗੇਤੀ ਬਿਜਾਈ (25 ਅਕਤੂਬਰ ਤੋਂ ਨਵੰਬਰ ਦੇ ਪਹਿਲੇ ਹਫ਼ਤੇ) ਜੋ ਕਿ ਗੁੱਲੀ ਡੰਡੇ ਦੇ ਉੱਗਣ ਲਈ ਘੱਟ ਅਨੁਕੂਲ ਹੁੰਦਾ ਹੈ, ਵਿੱਚ ਕਰਨ ਨਾਲ ਕਣਕ ਦੀ ਫ਼ਸਲ ਗੁੱਲੀ ਡੰਡੇ ਦੇ ਪਹਿਲੇ ਲੌਅ ਤੋਂ ਬਚ ਜਾਂਦੀ ਹੈ ।

**ਬਿਨਾਂ/ਘੱਟ ਵਾਹੇ ਕਣਕ ਦੀ ਬਿਜਾਈ :** ਕਣਕ ਨੂੰ ਬਿਨਾਂ ਵਾਹੇ ਜਾਂ ਘੱਟ ਤੋਂ ਘੱਟ ਵਹਾਈ ਕਰਕੇ ਵੀ ਬੀਜਿਆ ਜਾ ਸਕਦਾ ਹੈ । ਜ਼ੀਰੋ-ਟਿੱਲੇਜ/ਘੱਟ ਤੋਂ ਘੱਟ ਵਹਾਈ ਵਿੱਚ ਨਦੀਨਾਂ ਖਾਸ ਕਰਕੇ ਗੁੱਲੀ ਡੰਡੇ ਦੀ ਘੱਟ ਸਮੱਸਿਆ ਹੁੰਦੀ ਹੈ । ਕਈ ਵਾਰ ਬਿਨਾਂ ਵਹਾਈ ਵਾਲੇ ਖੇਤਾਂ ਵਿੱਚ ਕਣਕ ਦੀ ਬਿਜਾਈ ਤੋਂ ਪਹਿਲਾਂ ਹੀ ਝੋਨੇ ਦੇ ਖੜ੍ਹੇ ਕਰਚਿਆਂ ਵਿੱਚ ਗੁੱਲੀ ਡੰਡਾ ਵੀ ਉੱਗ ਜਾਂਦਾ ਹੈ, ਉਹਨਾਂ ਹਾਲਤਾਂ ਬਿਜਾਈ ਤੋਂ ਦੋ ਦਿਨ ਪਹਿਲਾਂ 500 ਮਿਲੀਲਿਟਰ ਗ੍ਰਾਮੋਕਸੋਨ 24 ਐਸ ਐਲ (ਪੈਰਾਕੁਐਟ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

**ਝੋਨੇ ਦੀ ਪਰਾਲੀ ਦੀ ਮੱਲਚ ਵੱਜੋਂ ਵਰਤੋਂ :** ਹੈਪੀ ਸੀਡਰ, ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਝੋਨੇ ਦੇ ਵੱਢ ਵਿੱਚ ਬਿਨਾਂ ਵਾਹੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਬਹੁਤ ਘੱਟ ਉੱਗਦੇ ਹਨ । ਖੇਤ ਵਿੱਚ ਇੱਕ ਸਾਰ ਵਿਛੀ ਹੋਈ ਝੋਨੇ ਦੀ ਪਰਾਲੀ ਦੀ ਤਿੰਨ ਤੋਂ ਚਾਰ ਇੰਚ ਮੋਟੀ ਤਹਿ ਇੱਕ ਮਲਚਿੰਗ ਦਾ ਕੰਮ ਕਰਦੀ ਹੈ ਜੋ ਗੁੱਲੀ ਡੰਡੇ ਵਰਗੇ ਨਦੀਨਾਂ ਨੂੰ ਜੰਮਣ ਤੋਂ ਰੋਕਦੀ ਹੈ ।

**ਖੇਤ ਦੀ ਉੱਪਰਲੀ ਸਤ੍ਹਾ ਸੁਕਾ ਕੇ ਬਿਜਾਈ :** ਜ਼ਿਆਦਾਤਰ ਨਦੀਨਾਂ ਦੇ ਬੀਜ ਖਾਸ ਕਰਕੇ ਗੁੱਲੀ ਡੰਡੇ ਦਾ ਬੀਜ ਜ਼ਮੀਨ ਦੀ ਉੱਪਰਲੀ 1-2 ਸੈਂਟੀਮੀਟਰ ਸਤ੍ਹਾ ਤੋਂ ਹੀ ਉੱਗਦੇ ਹਨ । ਨਦੀਨਾਂ ਦੇ ਬੀਜ ਨੂੰ ਉੱਗਣ ਲਈ ਸਲ੍ਹਾਬ ਦੀ ਲੋੜ ਹੁੰਦੀ ਹੈ ਇਸ ਲਈ ਜੇਕਰ ਬਿਜਾਈ ਤੋਂ ਪਹਿਲਾਂ ਖੇਤ ਦੀ ਉਪਰਲੀ ਸਤ੍ਹਾ ਨੂੰ ਸੁਕਾ ਲਿਆ ਜਾਵੇ ਤਾਂ ਫ਼ਸਲ ਵਿੱਚ ਨਦੀਨਾਂ ਦਾ ਪਹਿਲਾ ਲੌਅ ਬਹੁਤ ਘੱਟ ਉੱਗਦਾ ਹੈ । ਰੌਣੀ ਕਰਨ ਤੋਂ ਬਾਅਦ ਜਾਂ ਝੋਨੇ ਦੀ ਕਟਾਈ ਤੋਂ ਬਾਅਦ ਜੇਕਰ ਖੇਤ ਵਿੱਚ ਨਮੀਂ ਹੋਣ ਕਰਕੇ ਨਦੀਨ ਉੱਗ ਪੈਂਦੇ ਹਨ ਤਾਂ ਇਹਨਾਂ ਨਦੀਨਾਂ ਨੂੰ ਬਿਜਾਈ ਤੋਂ ਪਹਿਲਾਂ ਹਲਕੀ ਵਹਾਈ ਕਰਕੇ ਨਸ਼ਟ ਕਰ ਦਿਉ ਅਤੇ ਉਸ ਤੋਂ ਬਾਅਦ ਉਪਰਲੀ ਸਤਹਿ ਸੁਕਾ ਕੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਘੱਟ ਉੱਗਦੇ ਹਨ ।

**ਬੈੱਡਾਂ ਤੇ ਬਿਜਾਈ :** ਬੈੱਡਾਂ ਤੇ ਬੀਜੀ ਕਣਕ ਵਾਲੇ ਖੇਤਾਂ ਵਿੱਚ ਰਵਾਇਤੀ ਢੰਗ ਨਾਲ ਬੀਜੀ ਕਣਕ ਦੀ ਫ਼ਸਲ ਦੇ ਮੁਕਬਲੇ ਨਦੀਨ ਘੱਟ ਉੱਗਦੇ ਹਨ ਕਿਉਂਕਿ ਬੈੱਡਾਂ ਦੀ ਉਪਰਲੀ ਸਤਹਿ ਜਲਦੀ ਸੁੱਕ ਜਾਂਦੀ ਹੈ ।

## ਰਸਾਇਣਿਕ ਢੰਗ :

**ਬਿਜਾਈ ਸਮੇਂ ਕੀਤੇ ਜਾਣ ਵਾਲੇ ਨਦੀਨਨਾਸ਼ਕ :** ਜੇਕਰ ਕਣਕ ਦੀ ਬਿਜਾਈ ਰਵਾਇਤੀ ਢੰਗ ਨਾਲ ਵਾਹ ਕੇ ਕੀਤੀ ਹੋਵੇ ਤਾਂ ਗੁੱਲੀ ਡੰਡੇ ਦੀ ਰੋਕਥਾਮ ਲਈ ਬਿਜਾਈ ਤੋਂ ਦੋ ਦਿਨ ਦੇ ਅੰਦਰ ਪ੍ਰਤੀ ਏਕੜ 1.5 ਲਿਟਰ ਸਟੌਂਪ / ਦੋਸਤ / ਮਾਰਕਪੈਂਡੀ / ਪੈਂਡਾ / ਪੈਡਿਨ / ਬੰਕਰ / ਜ਼ਾਕੀਯਾਮਾਂ 30 ਈ ਸੀ (ਪੈਂਡੀਮੈਥਾਲਿਨ) ਜਾਂ 60 ਗ੍ਰਾਮ ਅਵਕੀਰਾ / ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) ਜਾਂ 1.0 ਲਿਟਰ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) ਜਾਂ 900 ਮਿਲੀਲਿਟਰ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ + ਮੈਟਰੀਬਿਊਜ਼ਿਨ) ਨੂੰ ਚੰਗੇ ਵੱਤਰ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਇਹਨਾਂ ਨਦੀਨਨਾਸ਼ਕਾਂ ਤੋਂ ਚੰਗੇ ਨਤੀਜੇ ਲੈਣ ਲਈ ਚੰਗੀ ਤਰ੍ਹਾਂ ਤਿਆਰ ਖੇਤ ਵਿੱਚ, ਵੱਤਰ ਵਿੱਚ ਹੀ ਛਿੜਕਾਅ ਕਰਨਾ ਚਾਹੀਦਾ ਹੈ । ਜੇਕਰ ਹੈਪੀ ਸੀਡਰ ਨਾਲ ਬਿਜਾਈ ਕਰਨੀ ਹੋਵੇ ਤਾਂ ਬਿਜਾਈ ਤੋਂ ਪਹਿਲਾਂ ਇਹਨਾਂ ਵਿੱਚੋਂ ਕਿਸੇ ਇੱਕ ਨਦੀਨਨਾਸ਼ਕ (ਸਟੌਂਪ / ਅਵਕੀਰਾ / ਮੋਮੀਜੀ / ਪਲੇਟਫਾਰਮ / ਦਕਸ਼ ਪਲੱਸ) ਨੂੰ ਯੂਰੀਆ ਵਿੱਚ ਮਿਲਾ ਕੇ ਛੱਟਾ ਦਿਓ ਅਤੇ ਤੁਰੰਤ ਬਾਅਦ ਹੈਪੀ ਸੀਡਰ ਨਾਲ ਬਿਜਾਈ ਕਰ ਦਿਉ । ਪਲੇਟਫਾਰਮ 385 ਐਸ ਈ ਅਤੇ ਦਕਸ਼ ਪਲੱਸ 48 ਈ ਸੀ ਨਦੀਨਨਾਸ਼ਕ ਗੁੱਲੀ ਡੰਡੇ ਦੇ ਨਾਲ-ਨਾਲ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਵੀ ਰੋਕਥਾਮ ਕਰਦੇ ਹਨ ।

ਛਿੜਕਾਅ ਲਈ ਹੱਥ ਨਾਲ / ਬੈਟਰੀ ਨਾਲ / ਇੰਜਣ ਨਾਲ ਚੱਲਣ ਵਾਲੇ ਜਾਂ ਟਰੈਕਟਰ ਨਾਲ ਚੱਲਣ ਵਾਲੇ ਮਾਲਟੀ ਬੂਮ ਸਰਪਰੇਅਰ ਦੀ ਵਰਤੋਂ ਕਰੋ । ਨਦੀਨਨਾਸ਼ਕਾਂ ਦੇ ਛਿੜਕਾਅ ਲਈ ਟੱਕ ਵਾਲੀ ਜਾਂ ਕੱਟ ਵਾਲੀ ਨੋਜ਼ਲ ਹੀ ਵਰਤੋਂ । ਛਿੜਕਾਅ ਕਰਨ ਲਈ ਲੱਕੀ ਸੀਡ ਡਰਿੱਲ ਨੂੰ ਤਰਜੀਹ ਦਿਉ ਕਿਉਕਿ ਇਹ ਮਸ਼ੀਨ ਕਣਕ ਦੀ ਬਿਜਾਈ ਅਤੇ ਨਦੀਨਨਾਸ਼ਕਾਂ ਦੀ ਸਪਰੇਅ ਇੱਕੋ ਸਮੇਂ ਕਰਦੀ ਹੈ । ਜੇਕਰ ਕਣਕ ਵਿੱਚ ਰਾਇਆ/ਸਰ੍ਹੋਂ ਬੀਜੀ ਹੋਵੇ ਤਾਂ ਉੱਥੇ ਪਲੇਟਫਾਰਮ/ ਦਕਸ਼ ਪਲੱਸ ਨਦੀਨਨਾਸ਼ਕ ਦੀ ਵਰਤੋਂ ਨਾ ਕਰੋ । ਬਿਜਲੀ ਵੇਲੇ ਵਰਤੇ ਜਾਣ ਵਾਲੇ ਨਦੀਨਨਾਸ਼ਕਾਂ ਦੀ ਵਰਤੋਂ ਸੁੱਕੇ ਖੇਤ (ਜਿਨ੍ਹਾਂ ਖੇਤਾਂ ਵਿੱਚ ਖੇਤ ਦੀ ਉਪਰਲੀ ਸਤ੍ਹਾ ਸੁਕਾ ਕੇ ਬਿਜਾਈ ਕੀਤੀ ਹੋਵੇ) ਵਿੱਚ ਨਾ ਕਰੋ । ਕਿਉਕਿ ਇਨ੍ਹਾਂ ਨਦੀਨਨਾਸ਼ਕਾਂ ਦਾ ਚੰਗਾ ਅਸਰ ਲੈਣ ਲਈ ਖੇਤ ਵਿੱਚ ਚੰਗਾ ਵੱਤਰ ਹੋਣਾ ਬਹੁਤ ਜ਼ਰੂਰੀ ਹੈ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 44
ਮਿਤੀ 01-11-2025

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਕਿਸਾਨ ਭਰਾਵਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਕਣਕ** : ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 872, ਪੀ ਬੀ ਡਬਲਯੂ 826, ਪੀ ਬੀ ਡਬਲਯੂ 824, ਪੀ ਬੀ ਡਬਲਯੂ 766, ਡੀ ਬੀ ਡਬਲਯੂ 187, ਐਚ ਡੀ 3226, ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਪੀ ਬੀ ਡਬਲਯੂ 1 ਜ਼ਿੰਕ, ਪੀ ਬੀ ਡਬਲਯੂ ਜ਼ਿੰਕ 2 ਅਤੇ ਵਡਾਣਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਕਣਕ ਦੀਆਂ ਕਿਸਮਾਂ ਡੀ ਬੀ ਡਬਲਯੂ 222 ਦੀ ਬਿਜਾਈ ਨੀਮ ਪਹਾੜੀ ਇਲਾਕਿਆਂ ਨੂੰ ਛੱਡ ਕੇ ਬਾਕੀ ਦੇ ਇਲਾਕਿਆਂ ਵਿੱਚ ਕੀਤੀ ਜਾ ਸਕਦੀ ਹੈ ਅਤੇ ਪੀ ਬੀ ਡਬਲਯੂ 803 ਕਿਸਮ ਪੰਜਾਬ ਦੇ ਦੱਖਣ ਪੱਛਮੀ ਇਲਾਕਿਆਂ ਲਈ ਢੁੱਕਵੀਂ ਹੈ। ਕਣਕ ਦੀ ਬਿਜਾਈ ਸੇਂਜੂ ਹਾਲਤਾਂ ਵਿੱਚ ਅਕਤੂਬਰ ਦੇ ਚੌਥੇ ਹਫ਼ਤੇ ਤੋਂ ਨਵੰਬਰ ਦੇ ਚੌਥੇ ਹਫ਼ਤੇ ਤੱਕ ਕਰ ਲੈਣੀ ਚਾਹੀਦੀ ਹੈ। ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀ ਸੰਭਾਲ ਹੈਪੀ ਸੀਡਰ ਜਾਂ ਸੁਪਰ ਸੀਡਰ ਨਾਲ ਕਰਕੇ ਕਣਕ ਦੀ ਬਿਜਾਈ ਕਰਨੀ ਹੋਵੇ ਉਹਨਾਂ ਖੇਤਾਂ ਵਿੱਚ ਕਣਕ ਦੀ ਕਿਸਮ ਪੀ ਬੀ ਡਬਲਯੂ 869 ਦੀ ਬਿਜਾਈ ਕਰੋ। ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਰੀਕਾ/ਮੋਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥੇਲਿਨ + ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ। ਇਹਨਾਂ ਵਿੱਚੋਂ ਕਿਸੇ ਇੱਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ-ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ। ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿੱਚ 55 ਕਿਲੋ ਡੀ.ਏ.ਪੀ./ਏਕੜ ਡਰਿਲ ਕਰੋ। ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ। ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿੱਲੋ ਯੂਰੀਆ/ਏਕੜ ਪਾਓ।



**ਕਮਾਦ** : ਫ਼ਸਲ ਦੀ ਨਿਯਮਿਤ ਸਿੰਜਾਈ ਕਰੋ। ਕਮਾਦ ਵਿੱਚ ਤਣੇਂ ਦੇ ਗੜੂੰਏ ਦੀ ਰੋਕਥਾਮ ਲਈ ਟਰਾਈਕੋਗਰਾਮਾ ਕੀਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ 10 ਦਿਨਾਂ ਦੇ ਵਕਫ਼ੇ ਤੇ ਖੇਤ ਵਿੱਚ ਛੱਡੋ। ਖੇਤ ਵਿੱਚ ਮਿੱਤਰ ਕੀੜੇ ਛੱਡਣ ਲਈ ਇੱਕ ਟਰਾਈਕੋ-ਕਾਰਡ (10×15 ਸੈ.ਮੀ.) ਨੂੰ 5×0.75 ਸੈ.ਮੀ. ਦੇ ਆਕਾਰ ਦੇ 40 ਛੋਟੇ ਬਰਾਬਰ ਹਿੱਸਿਆਂ ਵਿੱਚ ਕੱਟੋ। ਇਨ੍ਹਾਂ ਹਿੱਸਿਆਂ ਨੂੰ ਕਮਾਦ ਦੇ ਪੱਤਿਆਂ ਤੇ ਹੇਠਲੇ ਪਾਸੇ ਇੱਕ ਏਕੜ ਵਿੱਚ ਬਰਾਬਰ ਦੂਰੀ ਤੇ 40 ਥਾਂਵਾਂ ਤੇ ਸ਼ਾਮ ਵੇਲੇ ਇਨ੍ਹਾਂ ਨਾਲ ਨੱਥੀ ਕਰੋ। ਆਗ ਦੇ ਗੜੂੰਏ ਦੀ ਰੋਕਥਾਮ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿੱਲੋ ਦਾਣੇਦਾਰ ਕਾਰਬੋਫ਼ੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ।

**ਦਾਲਾਂ** : ਛੋਲੇ-ਛੋਲਿਆਂ ਦੀ ਕਿਸਮ ਪੀ ਡੀ ਜੀ 4 ਦੀ ਬਿਜਾਈ ਬਰਾਨੀ ਹਾਲਤਾਂ ਵਿੱਚ 10 ਤੋਂ 25 ਅਕਤੂਬਰ ਤੱਕ ਕਰੋ ਅਤੇ ਸਿੱਲ ਵਾਲੇ ਇਲਾਕਿਆਂ ਨੂੰ ਛੱਡ ਕੇ ਸਾਰੇ ਪੰਜਾਬ ਵਿੱਚ ਸਿੰਚਾਈ ਵਾਲੀਆਂ ਹਾਲਤਾਂ ਵਿੱਚ ਪੀ ਬੀ ਜੀ 8, ਜੀ ਪੀ ਐੱਫ 2 ਅਤੇ ਐਲ ਐਲ 552 ਕਿਸਮਾਂ ਦੀ ਬਿਜਾਈ 25 ਅਕਤੂਬਰ ਤੋਂ 10 ਨਵੰਬਰ ਤੱਕ ਕਰ ਦਿਉ। ਜਦੋਂ ਕਿ ਨੀਮ ਪਹਾੜੀ ਇਲਾਕਿਆਂ ਵਿੱਚ ਪੀ ਬੀ ਜੀ 5 ਅਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਲਈ ਸੇਂਜੂ ਹਾਲਤਾਂ ਵਿੱਚ ਪੀ ਬੀ ਜੀ 10 ਤੇ ਪੀ ਬੀ ਜੀ 7 ਕਿਸਮ 25 ਅਕਤੂਬਰ ਤੋਂ 10 ਨਵੰਬਰ ਤੱਕ ਬੀਜੀ ਜਾ ਸਕਦੀ ਹੈ। ਦੇਸੀ ਛੋਲਿਆਂ ਦੀ ਬਿਜਾਈ ਸਮੇਂ 13 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਵਰਤੋਂ। ਜਦਕਿ ਕਾਬਲੀ ਛੋਲਿਆਂ ਨੂੰ 13 ਕਿੱਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਬਿਜਾਈ ਸਮੇਂ ਜੀਵਾਣੂ ਖਾਦ ਦੇ ਮਿਸ਼ਰਣ ਦਾ ਟੀਕਾ ਵੀ ਲਗਾਉਣਾ ਚਾਹੀਦਾ ਹੈ। ਮਸਰ-ਨੀਮ ਪਹਾੜੀ ਇਲਾਕਿਆਂ ਵਿੱਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਦੂਸਰੇ ਪੰਦਰਵਾੜੇ ਵਿੱਚ ਕਰੋ ਅਤੇ ਬਾਕੀ ਦੇ ਇਲਾਕਿਆਂ ਵਿੱਚ ਮਸਰਾਂ ਦੀ ਬਿਜਾਈ ਅਕਤੂਬਰ ਦੇ ਅਖੀਰ ਤੋਂ ਸ਼ੁਰੂ ਕਰ ਦਿਓ। ਐੱਲ ਐੱਲ 1373 ਕਿਸਮ ਦਾ 18 ਕਿਲੋ ਬੀਜ ਪ੍ਰਤੀ ਏਕੜ ਅਤੇ ਐੱਲ ਐੱਲ 931 ਤੇ ਐੱਲ ਐੱਲ 699 ਕਿਸਮਾਂ ਦਾ 12-15 ਕਿਲੋ ਪ੍ਰਤੀ ਏਕੜ ਬੀਜ ਬੀਜੋ। ਮਸਰਾਂ ਦੀ ਫ਼ਸਲ ਦਾ ਵਧੀਆ ਝਾੜ ਲੈਣ ਲਈ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ ਅਤੇ ਬਿਜਾਈ ਵੇਲੇ 11 ਕਿਲੋ ਯੂਰੀਆ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਓ। ਜੇ ਟੀਕਾ ਨਹੀਂ ਲਾਇਆ ਤਾਂ 100 ਕਿੱਲੋ ਸਿੰਗਲ ਸੁਪਰਫਾਸਫੇਟ ਬਿਜਾਈ ਸਮੇਂ ਪਾਓ।



**ਤੇਲ ਬੀਜ** : ਰਾਇਆਂ ਦੀਆਂ ਗਿਰੀਰਾਜ, ਆਰ ਐਲ ਸੀ 3, ਪੀ ਬੀ ਆਰ 357, ਕਿਸਮਾਂ ਪੰਜਾਬ ਦੇ ਸਾਰੇ ਇਲਾਕਿਆਂ ਵਿੱਚ ਸੇਂਜੂ ਹਾਲਤਾਂ ਲਈ ਢੁੱਕਵੀਆਂ ਹਨ ਅਤੇ ਬਰਾਨੀ ਹਾਲਤਾਂ ਲਈ ਪੀ ਬੀ ਆਰ 97 ਕਿਸਮ ਬੀਜੋ। ਆਰ ਸੀ ਐਚ 1, ਪੀ ਐਚ ਆਰ 126 ਅਤੇ ਪੀ ਬੀ ਆਰ 91 ਕੇਵਲ ਦੱਖਣ-ਪੱਛਮੀ ਸੇਂਜੂ ਇਲਾਕਿਆਂ ਲਈ ਸਿਫ਼ਾਰਿਸ਼ ਕੀਤੀਆਂ ਜਾਂਦੀਆਂ ਹਨ। ਰਾਇਆ ਦੀ ਫ਼ਸਲ ਲਈ ਢੁਕਵਾਂ ਸਮਾਂ ਅਕਤੂਬਰ ਦਾ ਦੂਜਾ ਪੰਦਰਵਾੜਾ ਹੈ। ਗੋਭੀ ਸਰ੍ਹੋਂ ਪੀ ਜੀ ਐਸ ਐਚ 1707, ਜੀ ਐੱਸ ਸੀ 7, ਜੀ ਐੱਸ ਸੀ 6, ਕਿਸਮਾਂ ਦੀ ਬਿਜਾਈ 10 ਅਕਤੂਬਰ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ। ਅਫ਼ਰੀਕਨ ਸਰ੍ਹੋਂ ਪੀ ਸੀ 6 ਦੀ ਬਿਜਾਈ ਵੀ ਇਸ ਸਾਰੇ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ। ਰਾਇਆ, ਅਫ਼ਰੀਕਨ ਸਰ੍ਹੋਂ ਅਤੇ ਗੋਭੀ ਸਰ੍ਹੋਂ ਨੂੰ ਬਿਜਾਈ ਵੇਲੇ 45 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿਲੋ ਮਿਊਰੇਟ ਆਫ਼ ਪੋਟਾਸ਼ (ਸਿਰਫ਼ ਘਾਟ ਵਾਲੀਆਂ ਜ਼ਮੀਨਾਂ ਵਿੱਚ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣ ਦੀ ਜ਼ਰੂਰਤ ਹੈ। ਯੂਰੀਏ ਦੀ ਦੂਸਰੀ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਵੇਲੇ ਪਾਓ।

**ਹਰੇ ਚਾਰੇ** : ਇਸ ਸਮੇਂ ਦੌਰਾਨ ਖੁਸ਼ਕ ਮੌਸਮ ਰਹਿਣ ਦਾ ਅਨੁਮਾਨ ਹੈ, ਇਸ ਲਈ ਬਰਸੀਮ ਨੂੰ ਨਿਯਮਤ ਅੰਤਰਾਲਾਂ 'ਤੇ ਸਿੰਚਾਈ ਕਰੋ।

**ਸਬਜ਼ੀਆਂ** : ਇਸ ਸਮੇਂ ਦੌਰਾਨ ਖੁਸ਼ਕ ਮੌਸਮ ਦੀ ਸੰਭਾਵਨਾ ਕਰਕੇ ਫ਼ਸਲਾਂ ਨੂੰ ਲੋੜ ਅਨੁਸਾਰ ਸਿੰਚਾਈ ਕਰੋ। ਗੋਭੀ ਦੇਰ ਨਾਲ ਆਉਣ ਵਾਲੇ ਫੁੱਲ ਗੋਭੀ, ਚੀਨੀ ਗੋਭੀ ਅਤੇ ਬ੍ਰੋਕਲੀ ਦੇ 4-6 ਹਫ਼ਤੇ ਪੁਰਾਣੇ ਬੂਟੇ ਲਗਾਉਣਾ ਸ਼ੁਰੂ ਕਰੋ। ਚੀਨੀ ਗੋਭੀ ਲਈ ਲਾਈਨ ਅਤੇ ਪੌਦੇ ਵਿਚਕਾਰ



30-30 ਸੈਂਟੀਮੀਟਰ, ਫੁੱਲ ਗੋਭੀ ਲਈ 45-30 ਸੈਂਟੀਮੀਟਰ ਅਤੇ ਗੋਭੀ ਲਈ 60-45 ਸੈਂਟੀਮੀਟਰ ਅਤੇ ਬ੍ਰੋਕਲੀ ਲਈ 45-45 ਸੈਂਟੀਮੀਟਰ ਦੀ ਦੂਰੀ ਰੱਖੋ। ਮਿੱਟੀ ਅਤੇ ਮੌਸਮੀ ਸਥਿਤੀਆਂ ਅਨੁਸਾਰ ਹਫ਼ਤੇ ਵਿੱਚ ਇੱਕ ਵਾਰ ਸਿੰਚਾਈ ਕਰੋ। ਚੰਗੀ ਫ਼ਸਲ ਲਈ ਪਾੜੇ ਨੂੰ ਭਰੋ। ਪਤਝੜ ਆਲੂ ਦੀ ਫ਼ਸਲ ਦੀ ਪੂਰੀ ਬਿਜਾਈ ਖ਼ਾਸ ਕਰਕੇ ਬੀਜ ਉਤਪਾਦਨ ਦੇ ਉਦੇਸ਼ ਲਈ ਕਰੋ। ਪੰਜਾਬ ਆਲੂ-101 ਅਤੇ ਪੰਜਾਬ ਆਲੂ-102 ਦੇ ਸਿਹਤਮੰਦ ਬੀਜ ਕੰਦਾਂ ਦੀ ਵਰਤੋਂ ਕਰੋ। ਪੰਜਾਬ ਸਫੈਦ ਮੂਲੀ-2, ਮੂਲੀ ਦੇ ਪੰਜਾਬ ਪਸੰਦ, ਸਲਗਮ ਦੇ ਐਲ-1 ਅਤੇ ਪੀਸੀ-161, ਪੰਜਾਬ ਜਾਮੁਨੀ ਅਤੇ ਪੰਜਾਬ ਰੋਸ਼ਨੀ ਅਤੇ ਗਾਜਰ ਦੇ ਪੰਜਾਬ ਬਲੈਕ ਬਿਊਟੀ ਕਿਸਮਾਂ ਦੀ ਪੂਰੀ ਬਿਜਾਈ ਕਰੋ। ਸ਼ਲਗਮ ਲਈ 2-3 ਕਿਲੋ ਬੀਜ/ਏਕੜ ਅਤੇ ਗਾਜਰ ਅਤੇ ਮੂਲੀ ਲਈ 4-5 ਕਿਲੋ ਬੀਜ ਪ੍ਰਤੀ ਏਕੜ ਵਰਤੋਂ। ਪਾਲਕ ਦੀ ਬਿਜਾਈ ਸ਼ੁਰੂ ਕਰੋ, ਪੰਜਾਬ ਗ੍ਰੀਨ ਦਾ 4-6 ਕਿਲੋਗ੍ਰਾਮ/ਏਕੜ ਬੀਜ ਵਰਤੋਂ। ਬੀਜ ਨੂੰ ਵਾਟਰ ਹਾਲਤਾਂ ਵਿੱਚ 20 ਸੈਂਟੀਮੀਟਰ ਦੀ ਦੂਰੀ 'ਤੇ ਕਤਾਰਾਂ ਵਿੱਚ 3-4 ਸੈਂਟੀਮੀਟਰ ਡੂੰਘਾ ਬੀਜਣਾ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਪ੍ਰਤੀ ਏਕੜ 10 ਟਨ ਰੂੜੀ ਦੀ ਖਾਦ, 35 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪਾਓ।

**ਬਾਗਬਾਨੀ** : ਨਵੇਂ ਲਗਾਏ ਫ਼ਲਦਾਰ ਬੂਟਿਆਂ ਨੂੰ ਸਿੱਧਾ ਰੱਖਣ ਲਈ ਸੋਟੀ ਆਦਿ ਦਾ ਸਹਾਰਾ ਦਿਉ ਅਤੇ ਜੜ੍ਹ-ਮੁੱਢ ਤੋਂ ਨਿਕਲਦਾ ਫੁਟਾਰਾ ਲਗਾਤਾਰ ਤੋੜਦੇ ਰਹੋ। ਨਿੰਬੂ ਜਾਤੀ ਦੇ ਖਰੀਂਢ ਰੋਗ ਨੂੰ ਖ਼ਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ 25 ਗ੍ਰਾਮ ਕੋਪਰ ਸਲਫੇਟ 500 ਲੀਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਬੇਰਾਂ ਦੇ ਬੂਟਿਆਂ ਨੂੰ ਚਿੱਟੋਂ ਦੇ ਰੋਗ ਤੋਂ ਬਚਾਉਣ ਲਈ 0.25% (250 ਗ੍ਰਾਮ/100 ਲਿਟਰ ਪਾਣੀ) ਘੁਲਣਸ਼ੀਲ ਸਲਫਰ ਦਾ ਛਿੜਕਾਅ ਅਤੇ ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ। ਬੇਰਾਂ ਦੇ ਬਾਗਾਂ ਵਿੱਚ ਨਦੀਨਾਂ ਦੀ ਰੋਕਥਾਮ ਦੇ ਨਾਲ-ਨਾਲ ਫ਼ਲਾਂ ਦਾ ਕੇਰਾ ਘਟਾਉਣ ਅਤੇ ਝਾੜ ਵਿੱਚ ਵਾਧੇ ਲਈ ਝੋਨੇ ਦੀ ਪਰਾਲੀ ਦੀ ਘੱਟੋ-ਘੱਟ 10 ਸੈਂਟੀਮੀਟਰ ਮੋਟੀ ਤਹਿ ਵਿਛਾਉ (5.0 ਟਨ ਪ੍ਰਤੀ ਏਕੜ) ਦੀ ਯੂਰੀਆ ਖਾਦ ਦੀ ਦੂਜੀ ਕਿਸ਼ਤ ਪਾਉਣ ਤੋਂ ਬਾਅਦ ਵਰਤੋਂ ਕਰੋ। ਅੰਬਾਂ ਦੀ ਮਾਲਫਾਰਮੇਸ਼ਨ ਵਾਲੇ ਗੁੱਛੇ 15 ਸੈਂਟੀਮੀਟਰ ਨਰੋਈ ਸਾਖ ਸਮੇਤ ਕੱਟ ਕੇ ਬੂਟਿਆਂ ਉੱਤੇ 100 ਗ੍ਰਾਮ ਐਨ. ਏ. ਏ. ਦਾ ਛਿੜਕਾਅ ਕਰੋ। ਇਸ ਦਵਾਈ ਨੂੰ ਪਹਿਲਾਂ 200 ਮਿ. ਲਿ. ਅਲਕੋਹਲ ਵਿੱਚ ਘੋਲ ਕੇ ਫਿਰ 500 ਲਿਟਰ ਪਾਣੀ ਵਿੱਚ ਘੋਲ ਬਣਾਉ।

**ਪਸ਼ੂ ਪਾਲਣ** : ਗੰਦੇ ਪਸ਼ੂਆਂ ਤੋਂ ਸਾਫ ਸੁਥਰਾ ਦੁੱਧ ਨਹੀਂ ਲਿਆ ਜਾ ਸਕਦਾ, ਬੇਸ਼ਕ ਉਹ ਤੰਦਰੁਸਤ ਹੀ ਹੋਣ, ਇਸ ਲਈ ਉਨ੍ਹਾਂ ਦੀ ਸਫਾਈ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ। ਜੇਕਰ ਪਸ਼ੂ ਦਾ ਪਿਛਲਾ ਹਿੱਸਾ (ਪੂੰਛ, ਲੇਵਾ, ਥਣ, ਪੇਟ ਆਦਿ) ਗੋਹੇ ਜਾਂ ਗਾਰੇ ਨਾਲ ਲਿਬੜਿਆ ਹੋਇਆ ਹੋਵੇਗਾ ਤਾਂ ਦੁੱਧ ਕੱਢਦੇ ਸਮੇਂ ਇਹੋ ਗੰਦਗੀ ਉਸਦੇ ਵਿੱਚ ਡਿੱਗੇਗੀ। ਇਸ ਨਾਲ ਦੁੱਧ ਵੀ ਗੰਦਾ ਹੋ ਜਾਂਦਾ ਹੈ। ਸੋ ਪਸ਼ੂਆਂ ਨੂੰ ਚੰਗੀ ਤਰ੍ਹਾਂ ਨਹਾਉਣਾ ਚਾਹੀਦਾ ਹੈ। ਪਸ਼ੂਆਂ ਦੇ ਸਰੀਰ ਤੇ ਲੱਗੀ ਗੰਦਗੀ ਨੂੰ ਰਗੜ ਕੇ ਲਾਹ ਦੇਣਾ ਚਾਹੀਦਾ ਹੈ। ਗੰਦੇ ਥਾਂ ਉੱਤੇ ਪਸ਼ੂਆਂ ਨੂੰ ਚੋਣ ਨਾਲ ਕੇਵਲ ਜੀਵਾਣੂੰਆਂ ਦੀ ਸੰਖਿਆ ਵਿੱਚ ਹੀ ਵਾਧਾ ਨਹੀਂ ਹੁੰਦਾ, ਸਗੋਂ ਦੁੱਧ ਦੀ ਸੁਗੰਧ ਤੇ ਵੀ ਅਸਰ ਪੈਂਦਾ ਹੈ।

**ਭਾਵੇਂ ਪਰਾਲੀ ਨੂੰ ਮਿੱਟੀ ਵਿੱਚ ਖਪਾਉਣ ਲਈ ਕਿਸਾਨਾਂ ਨੂੰ ਸਬਸਿਡੀ 'ਤੇ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣ ਦਾ ਦਾਅਵੇ ਤਾਂ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ ਪਰ ਜ਼ਿਆਦਾਤਰ...**



# ਧਰਤੀ ਮਾਂ ਤੇ ਪ੍ਰਦੂਸ਼ਣ, ਜ਼ਿੰਮੇਵਾਰ ਕੌਣ?





ਦਰਸ਼ਨ ਸਿੰਘ ਸੋਢੀ
ਮੋਬਾਇਲ : 99143-26916

ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ ਅਤੇ ਸਾਡੇ ਗੁਰੂ ਸਾਹਿਬਾਨ ਨੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਹੈ ਪਰ ਅਸੀਂ ਲੋਕ ਆਪਣੀ ਧਰਤੀ ਮਾਂ ਦੀ ਰੱਖਿਆ ਕਰਨ ਦੀ ਥਾਂ ਇਸ ਨੂੰ ਲਗਾਤਾਰ ਦੂਸ਼ਿਤ ਕਰਨ ਦੇ ਰਾਹ ਪੈ ਗਏ ਹਾਂ। ਖੇਤਾਂ ਵਿੱਚ ਪਰਾਲੀ ਸਾੜ ਕੇ ਅਸੀਂ ਖ਼ੁਦ ਹੀ ਜ਼ਮੀਨ ਨੂੰ ਬੰਜਰ (ਧਰਤੀ ਮਾਂ ਨੂੰ ਬਾਂਝ) ਬਣਾ ਰਹੇ ਹਾਂ ਜਿਸ ਦੀ ਮੁੱਖ ਵਜ੍ਹਾ ਪਰਾਲੀ

**ਕਈ ਕਿਸਾਨਾਂ ਮੁਤਾਬਕ ਪਰਾਲੀ ਨੂੰ ਅੱਗ ਲਾਏ ਬਿਨਾਂ ਵੀ ਵਧੀਆ ਖੇਤੀ ਹੋ ਸਕਦੀ ਹੈ**

ਅਤੇ ਹੋਰ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਹੈ। ਇਸ ਨਾਲ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ, ਉੱਥੇ ਹੀ ਵਾਤਾਵਰਨ ਵੀ ਲਗਾਤਾਰ ਪ੍ਰਦੂਸ਼ਿਤ ਹੋ ਰਿਹਾ ਹੈ। ਅੱਗ ਦੇ ਸੇਕ ਨਾਲ ਧਰਤੀ ਹੇਠਲੇ ਸਾਡੇ ਮਿੱਤਰ ਕੀੜੇ ਵੀ ਮਰ ਰਹੇ ਹਨ ਜਿਸ ਨਾਲ ਫ਼ਸਲਾਂ ਦੀ ਜਰਮੀਨੇਸ਼ਨ ਘੱਟਦੀ ਜਾ ਰਹੀ ਹੈ। ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਧਰਤੀ ਵੀ ਕਠੋਰ ਹੋ ਜਾਂਦੀ ਹੈ ਅਤੇ ਫ਼ਸਲਾਂ ਦੀ ਜਰਮੀਨੇਸ਼ਨ ਅਤੇ ਝਾੜ 'ਤੇ ਕਾਫ਼ੀ ਮਾੜਾ ਅਸਰ ਪੈਂਦਾ ਹੈ। ਦੂਜੀ ਗੱਲ ਇਹ ਕਿ ਮਿੱਤਰ ਕੀੜੇ ਸੜ ਕੇ ਮਰਨ ਨਾਲ ਦੁਸ਼ਮਣ ਕੀੜਿਆਂ ਵਿੱਚ ਵੀ ਅਥਾਹ ਵਾਧਾ ਹੁੰਦਾ ਹੈ ਜਿਸ ਕਾਰਨ ਫ਼ਸਲਾਂ ਦੀ ਪੈਦਾਵਾਰ ਲਈ ਮਹਿੰਗੀਆਂ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਨਾ ਪੈਂਦਾ ਹੈ।

ਅਜਿਹਾ ਕਰਨ ਨਾਲ ਕਿਸਾਨਾਂ ਅਤੇ ਕਾਸ਼ਤਕਾਰਾਂ ਨੂੰ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ ਤੇ ਕਈ ਵਾਰ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕਰਦੇ ਸਮੇਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਿਹਤ ਵੀ ਵਿਗੜ ਜਾਂਦੀ ਹੈ। ਉਸ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਵਰ੍ਹੇ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਲਗਭਗ 70 ਫ਼ੀਸਦੀ ਦੀ ਕਮੀ ਆਈ ਹੈ ਜਦੋਂਕਿ ਗੁਆਂਢੀ ਸੂਬਿਆਂ ਦੇ ਮੁਕਾਬਲੇ ਯੂਪੀ ਵਿੱਚ ਸਭ ਤੋਂ ਵੱਧ (ਕਰੀਬ ਪੌਣੇ 700 ਕੇਸ ਸਾਹਮਣੇ ਆਏ ਹਨ)। ਹਾਲਾਂਕਿ ਕੁਝ ਲੋਕ ਖੇਤਾਂ ਵਿੱਚ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਸਾੜਨ ਦੀ ਤੁਲਨਾ ਫੈਕਟਰੀਆਂ ਦੀਆਂ ਚਿਮਨੀਆਂ ਤੋਂ ਨਿਕਲਦੇ ਧੂੰਏਂ ਨਾਲ ਕਰ ਕੇ ਆਪਣੀ ਗਲਤੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਦੋਵਾਂ ਵਿੱਚ ਕਾਫ਼ੀ ਅੰਤਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਫੈਕਟਰੀਆਂ ਵੀ ਕਾਫ਼ੀ ਪ੍ਰਦੂਸ਼ਣ ਫੈਲਾ ਰਹੀਆਂ ਹਨ ਪਰ ਜੇਕਰ ਇਸ ਨੂੰ ਪਰਾਲੀ ਦੀ ਅੱਗ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਫੈਰਟਰੀ ਦੀ ਚਿਮਨੀ ਦਾ ਧੂੰਆਂ ਧਰਤੀ ਨੂੰ ਕੋਈ ਨੁਕਸਾਨ ਨਹੀਂ ਕਰਦਾ ਕਿਉਂਕਿ ਸਨਅਤੀ ਇਕਾਈ ਦੀ ਚਿਮਨੀ ਧਰਤੀ ਤੋਂ ਤਕਰੀਬਨ 120 ਫੁੱਟ ਉੱਚੀ ਹੁੰਦੀ ਹੈ। ਇਸ ਤਰ੍ਹਾਂ ਧੂੰਆਂ ਅਸਮਾਨ ਵੱਲ ਚਲਾ ਜਾਂਦਾ ਹੈ ਜਦਕਿ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਨੂੰ ਲਾਈ ਅੱਗ ਦਾ ਸੇਕ ਜਿੱਥੇ ਉਪਜਾਊ ਜ਼ਮੀਨ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ, ਉੱਥੇ ਹੀ ਜ਼ਹਿਰੀਲਾ ਧੂੰਆਂ ਮਨੁੱਖੀ ਸਿਹਤ ਲਈ ਕਾਫ਼ੀ ਘਾਤਕ ਹੁੰਦਾ ਹੈ। ਅੱਗ ਨਾ ਲਗਾਉਣ ਦੇ ਵੱਡੇ ਲਾਭ ਹਨ। ਫ਼ਸਲਾਂ ਦੀ ਰਹਿੰਦ-ਖੂੰਹਦ ਜ਼ਮੀਨ ਵਿੱਚ ਮਿਲਾਉਣ ਜਾਂ ਮਿਲਣ ਨਾਲ ਧਰਤੀ ਪੋਲੀ ਰਹਿੰਦੀ ਹੈ ਅਤੇ ਫ਼ਸਲ ਦਾ ਝਾੜ ਵੀ ਵੱਧ ਨਿਕਲਦਾ ਹੈ। ਕੁਦਰਤ ਦੇ ਨਿਯਮਾਂ ਮੁਤਾਬਕ ਧਰਤੀ ਹੇਠਲੇ ਮਿੱਤਰ ਕੀੜੇ ਦੁਸ਼ਮਣ ਕੀੜਿਆਂ ਨੂੰ ਖਾ ਜਾਂਦੇ ਹਨ। ਇਸ ਤਰ੍ਹਾਂ ਫ਼ਸਲਾਂ 'ਤੇ ਬਿਮਾਰੀਆਂ ਦਾ ਹਮਲਾ ਵੀ ਨਹੀਂ ਹੁੰਦਾ। ਇਸ ਤਰ੍ਹਾਂ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਧਰਤੀ ਮਾਂ ਨੂੰ ਬਾਂਝ ਹੋਣ ਤੋਂ ਬਚਾਈਏ ਤੇ ਮਨੁੱਖੀ ਜੀਵਨ ਨੂੰ ਪ੍ਰਦੂਸ਼ਿਤ ਵਾਤਾਵਰਨ ਤੋਂ ਬਚਾਉਣ ਲਈ ਸਾਂਝਾ ਹੰਭਲਾ ਮਾਰੀਏ। ਉਸ ਪੰਜਾਬ ਸਰਕਾਰ ਨੇ ਪਹਿਲਕਦਮੀ ਕਰਦਿਆਂ ਐਤਕੀ 'ਪ੍ਰਣਾਲੀ ਪ੍ਰੋਟੈਕਸ਼ਨ ਫੋਰਸ' ਵੀ ਸਥਾਪਤ ਕੀਤੀ ਹੈ। ਜਾਣਕਾਰੀ ਅਨੁਸਾਰ ਦੋ ਸੌ ਤੋਂ ਵੱਧ ਕਿਸਾਨਾਂ ਦੇ ਰੈਵੇਨਿਊ ਰਿਕਾਰਡ ਵਿੱਚ ਰੈੱਡ ਐਂਟਰੀ ਪਾਈ ਗਈ ਹੈ।

ਸੈਂਕੜਿਆਂ ਦੀ ਤਾਦਾਦ ਵਿੱਚ ਪੁਲਿਸ ਕੇਸ ਬਣੇ ਹਨ ਅਤੇ ਲਗਭਗ 200 ਤੋਂ ਵੱਧ ਕਿਸਾਨਾਂ ਨੂੰ ਜੁਰਮਾਨੇ ਵੀ ਹੋਏ ਹਨ। ਮਾਨਸਾ ਵਿੱਚ ਪਰਾਲੀ ਸਾੜਨ ਤੋਂ ਰੋਕਣ ਆਏ ਅਧਿਕਾਰੀਆਂ ਨੂੰ ਕਿਸਾਨਾਂ ਵੱਲੋਂ ਰੋਸ ਵਜੋਂ ਖੇਤਾਂ ਵਿੱਚ ਹੀ ਬੰਦੀ ਬਣਾਇਆ ਗਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਨੂੰ ਸ਼ਾਂਤ ਕੀਤਾ। ਵਾਤਾਵਰਨ ਪ੍ਰੇਮੀ ਅਤੇ ਕਿਸਾਨ ਆਗੂ ਬਲਵੰਤ ਸਿੰਘ ਨੰਡਿਆਲੀ ਕਿਸਾਨਾਂ ਲਈ ਰਾਹ ਦਸੇਰਾ ਬਣੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਸ ਪਿਛਲੀ ਸੱਤ ਸਾਲਾਂ ਤੋਂ ਆਪਣੇ ਖੇਤਾਂ ਵਿੱਚ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਨੂੰ ਸਾੜੇ ਬਿਨਾਂ ਹੀ ਕਣਕ ਦੀ ਬਿਜਾਈ ਕਰਦੇ ਆ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਵਾਤਾਵਰਨ ਵੀ ਗੰਧਲਾ ਨਹੀਂ ਹੁੰਦਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਬਰਕਰਾਰ ਰਹਿੰਦੀ ਹੈ। ਫ਼ਸਲਾਂ ਦਾ ਝਾੜ ਵੀ ਵਧੀਆ ਨਿਕਲਦਾ ਹੈ। ਬਲਵੰਤ ਸਿੰਘ ਕਹਿੰਦੇ ਹਨ ਕਿ ਜੋ ਲੋਕ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀ ਵਕਾਲਤ ਕਰਦੇ ਹਨ, ਸਹੀ ਅਰਥਾਂ ਵਿੱਚ ਉਹ ਕਿਸਾਨਾਂ ਦੇ ਦੁਸ਼ਮਣ ਅਤੇ ਪੈਸਟੀਸਾਈਡ ਕੰਪਨੀਆਂ ਦੇ ਮਿੱਤਰ ਸਾਬਿਤ ਹੋ ਰਹੇ ਹਨ। ਅਜਿਹੇ ਕੁਝ ਕੁ ਲੋਕ ਆਪਣੀ ਜ਼ਿੱਦ ਪੁਗਾਉਣ ਲਈ ਕਿਸਾਨਾਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਨੂੰ ਖੇਤਾਂ ਵਿੱਚ ਅੱਗ ਲਾਉਣ ਲਈ ਉਕਸਾ ਰਹੇ ਹਨ। ਇਸ ਕਿਸਾਨ ਦਾ ਕਹਿਣਾ ਹੈ ਕਿ ਪਰਾਲੀ ਨੂੰ ਅੱਗ ਲਾਏ ਬਿਨਾਂ ਵੀ ਵਧੀਆ ਖੇਤੀ ਕੀਤੀ ਜਾ ਸਕਦੀ ਹੈ। ਉਸ ਦਾ ਕਹਿਣਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਦਯੋਗ ਵੀ ਵਾਤਾਵਰਨ ਨੂੰ ਲਗਾਤਾਰ ਪ੍ਰਦੂਸ਼ਿਤ ਕਰ ਰਹੇ ਹਨ ਜਿਸ ਦਾ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ ਪਰ ਨਾਲ ਦੀ ਨਾਲ ਇਹ ਵੀ ਕਹਿੰਦੇ ਹਨ ਕਿ ਸਨਅਤੀ ਚਿਮਨੀ ਦੇ ਧੂੰਏਂ ਨਾਲ ਧਰਤੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ।

ਇਸ ਲਈ ਕਿਸਾਨਾਂ ਤੇ ਹੋਰ ਕਾਸ਼ਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਧਰਤੀ ਮਾਂ ਦੀ ਰੱਖਿਆ ਅਤੇ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਇਕਜੁੱਟ ਹੋ ਕੇ ਕੰਮ ਕਰਨ ਅਤੇ ਭਵਿੱਖ ਵਿੱਚ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਦਾ ਪ੍ਰਣ ਲੈਣ। ਪਿੰਡ ਤਾਜ਼ਲਪੁਰ ਦੇ ਕਿਸਾਨ ਏ. ਐੱਸ. ਮਹਿਤਾ ਦਾ ਕਹਿਣਾ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ, ਇਹ ਕਿਸਾਨਾਂ ਦਾ ਸ਼ੌਕ ਨਹੀਂ ਬਲਕਿ ਮਜ਼ਬੂਰੀ ਹੈ ਕਿਉਂਕਿ ਸਰਕਾਰ ਲੋੜੀਂਦੀ ਮਸ਼ੀਨਰੀ ਵੀ ਮੁਹੱਈਆ ਨਹੀਂ ਕਰਵਾ ਰਹੀ ਹੈ ਪਰ ਐਤਕੀਂ ਉਸ ਨੇ ਵੀ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਹੀ ਵਾਹ ਕੇ ਕਣਕ ਦੀ ਬਿਜਾਈ ਕੀਤੀ ਹੈ। ਇਸ ਨਾਲ ਫ਼ਸਲ ਦੇ ਝਾੜ ਉੱਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ। ਲਿਹਾਜ਼ਾ ਸਰਕਾਰ ਨੂੰ ਛੋਟੇ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਕਿਸਾਨ ਹਰਜਿੰਦਰ ਸਿੰਘ ਤਾਜ਼ਲਪੁਰ, ਜਸਪਾਲ ਸਿੰਘ ਨਿਆਮੀਆਂ ਤੇ ਕੁਲਵੰਤ ਸਿੰਘ ਤ੍ਰਿਪੜੀ ਹੁਰੀਂ ਕਹਿੰਦੇ ਹਨ ਕਿ ਪਰਾਲੀ ਨੂੰ ਖੇਤਾਂ ਵਿੱਚ ਖਪਾਉਣਾ ਕਿਸਾਨਾਂ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ। ਹੜ੍ਹਾਂ ਕਾਰਨ ਝੋਨੇ ਦਾ ਝਾੜ ਵੀ ਕਾਫ਼ੀ ਘੱਟ ਨਿਕਲਿਆ ਹੈ। ਸਰਕਾਰ ਵੱਲੋਂ ਪਰਾਲੀ ਨੂੰ ਮਿੱਟੀ ਵਿੱਚ ਖਪਾਉਣ ਲਈ ਕਿਸਾਨਾਂ ਨੂੰ ਸਬਸਿਡੀ 'ਤੇ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣ ਦੇ ਦਾਅਵੇ ਤਾਂ ਕੀਤੇ ਜਾ ਰਹੇ ਹਨ ਪਰ ਜ਼ਿਆਦਾਤਰ ਕਿਸਾਨਾਂ ਕੋਲ ਹੁਣ ਤੱਕ ਇਹ ਮਸ਼ੀਨਰੀ ਪਹੁੰਚੀ ਹੀ ਨਹੀਂ ਹੈ।



No. 1
RURAL WEEKLY
Now Think Before Advertising
KHETI DUNIYAN RETAINS
LEADERSHIP
IN
READERSHIP



KHETI DUNIYAN
VOICE OF THE FARMERS
KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

# ਸਰਬ ਵਿਆਪਕ ਬੀਮਾ ਯੋਜਨਾ ਹੀ ਹੈ ਮਸਲੇ ਦਾ ਹੱਲ





ਡਾ. ਅੰਮ੍ਰਿਤ ਸਾਗਰ ਮਿੱਤਲ
ਵਾਈਸ ਚੇਅਰਮੈਨ ਸੋਨਾਲੀਕਾ

**ਦਹਾਕਿਆਂ ਤੋਂ ਬਣੇ ਘਰ, ਸੜਕਾਂ ਤੇ ਪੁਲ ਟੁੱਟ-ਭੱਜ ਗਏ ਅਤੇ ਅਨੇਕਾਂ ਪਸ਼ੂ ਪਾਣੀ ਵਿੱਚ ਵਹਿ ਗਏ । ਇਸ ਤਬਾਹੀ ਦੌਰਾਨ ਵੀ ਪੰਜਾਬ ਵਿੱਚ ਇੱਕ ਚੀਜ਼ ਅਡੋਲ ਰਹੀ ਪੰਜਾਬੀਆਂ ਦੀ ਜ਼ਿੰਦਾਦਿਲੀ, ਜੋ ਉਨ੍ਹਾਂ ਨੂੰ ਨਿਸ਼ਕਾਮ ਸੇਵਾ ਨਾਲ ਪ੍ਰੇਰਿਤ ਕਰਦੀ ਰਹੀ । ਗੁਰਦੁਆਰੇ ਰਾਹਤ ਕੈਂਪ ਬਣ ਗਏ, ਲੰਗਰਾਂ ਨੇ ਹਜ਼ਾਰਾਂ ਲੋਕਾਂ ਨੂੰ ਭੋਜਨ ਮੁਹੱਈਆ ਕਰਵਾਇਆ ਅਤੇ ਪਿੰਡਾਂ ਦੇ ਲੋਕਾਂ ਨੇ ਟਰੈਕਟਰਾਂ ਨੂੰ ਬਚਾਅ ਕਿਸ਼ਤੀਆਂ ਬਣਾ ਲਿਆ ਤੇ ਲੋਕਾਂ ਨੰਗੇ ਪੈਰੀਂ ਹੱਥਾਂ ਨਾਲ ਸੜਕਾਂ ਤੇ ਬੰਨ੍ਹਾਂ ਦੀ ਮੁਰੰਮਤ ਕੀਤੀ । ਪੰਜਾਬ ਦੀ ਏਕਤਾ ਤੇ ਨਿਸ਼ਕਾਮ ਸੇਵਾ ਦੀ ਭਾਵਨਾ ਡਟੀ ਰਹੀ, ਭਾਵੇਂ ਤੁਰੰਤ ਪ੍ਰਣਾਲੀਗਤ (ਸਰਕਾਰੀ) ਮਦਦ ਤੋਂ ਲੋਕ ਵਾਂਝੇ ਰਹੇ ।**

ਜਦੋਂ ਪੰਜਾਬ ਵਿੱਚ ਹੜ੍ਹਾਂ ਦਾ ਪਾਣੀ ਚੜ੍ਹਦਾ ਹੈ, ਉਹ ਖੇਤਾਂ ਤੇ ਘਰਾਂ ਨੂੰ ਹੀ ਨਹੀਂ ਨਿਗਲਦਾ- ਸਗੋਂ ਉਹ ਨਿਵੇਸ਼ ਤੇ ਪੀੜ੍ਹੀਆਂ ਦੇ ਸੁਪਨੇ ਵੀ ਨਿਗਲ ਲੈਂਦਾ ਹੈ । ਇਸ ਸਾਲ ਆਏ ਹੜ੍ਹਾਂ ਦੌਰਾਨ ਅਣਗਿਣਤ ਪਿੰਡਾਂ ਦੇ ਪਰਿਵਾਰਾਂ ਨੇ ਦੇਖਿਆ ਕਿ ਉਨ੍ਹਾਂ ਦੇ ਖੇਤ ਰਾਤੋ-ਰਾਤ ਝੀਲਾਂ ਵਿੱਚ ਬਦਲ ਗਏ । ਦਹਾਕਿਆਂ ਤੋਂ ਬਣੇ ਘਰ, ਸੜਕਾਂ ਤੇ ਪੁਲ ਟੁੱਟ-ਭੱਜ ਗਏ ਅਤੇ ਅਨੇਕਾਂ ਪਸ਼ੂ ਪਾਣੀ ਵਿੱਚ ਵਹਿ ਗਏ । ਇਸ ਤਬਾਹੀ ਦੌਰਾਨ ਵੀ ਪੰਜਾਬ ਵਿੱਚ ਇੱਕ ਚੀਜ਼ ਅਡੋਲ ਰਹੀ ਪੰਜਾਬੀਆਂ ਦੀ ਜ਼ਿੰਦਾਦਿਲੀ, ਜੋ ਉਨ੍ਹਾਂ ਨੂੰ ਨਿਸ਼ਕਾਮ ਸੇਵਾ ਨਾਲ ਪ੍ਰੇਰਿਤ ਕਰਦੀ ਰਹੀ । ਗੁਰਦੁਆਰੇ ਰਾਹਤ ਕੈਂਪ ਬਣ ਗਏ, ਲੰਗਰਾਂ ਨੇ ਹਜ਼ਾਰਾਂ ਲੋਕਾਂ ਨੂੰ ਭੋਜਨ ਮੁਹੱਈਆ ਕਰਵਾਇਆ ਅਤੇ ਪਿੰਡਾਂ ਦੇ ਲੋਕਾਂ ਨੇ ਟਰੈਕਟਰਾਂ ਨੂੰ ਬਚਾਅ ਕਿਸ਼ਤੀਆਂ ਬਣਾ ਲਿਆ ਤੇ ਲੋਕਾਂ ਨੰਗੇ ਪੈਰੀਂ ਹੱਥਾਂ ਨਾਲ ਸੜਕਾਂ ਤੇ ਬੰਨ੍ਹਾਂ ਦੀ ਮੁਰੰਮਤ ਕੀਤੀ । ਪੰਜਾਬ ਦੀ ਏਕਤਾ ਤੇ ਨਿਸ਼ਕਾਮ ਸੇਵਾ ਦੀ ਭਾਵਨਾ ਡਟੀ ਰਹੀ, ਭਾਵੇਂ ਤੁਰੰਤ ਪ੍ਰਣਾਲੀਗਤ (ਸਰਕਾਰੀ) ਮਦਦ ਤੋਂ ਲੋਕ ਵਾਂਝੇ ਰਹੇ । ਅਸੀਂ ਹਰ ਮੌਸਮ ਵਿੱਚ ਕੁਦਰਤ ਨਾਲ ਜੂਆ ਨਹੀਂ ਖੇਡ ਸਕਦੇ ਅਤੇ ਨਾ ਹੀ ਆਪਣੇ ਪਰਿਵਾਰਾਂ ਨੂੰ ਸਿਰਫ਼ ਦਾਨ ਦੇ ਸਿਰ 'ਤੇ ਜ਼ਿੰਦਗੀ ਦੁਬਾਰਾ ਬਣਾਉਣ ਲਈ ਛੱਡ ਸਕਦੇ ਹਾਂ । ਪੰਜਾਬ ਦੀ ਬੇਮਿਸਾਲ ਹਿੰਮਤ ਨੂੰ ਇੱਕੋ ਜਿਹੀ ਮਜ਼ਬੂਤ ਚੀਜ਼ ਦੀ ਸਹਾਇਤਾ ਚਾਹੀਦੀ ਹੈ । ਇੱਕ ਮਜ਼ਬੂਤ ਆਫ਼ਤ ਬੀਮਾ ਢਾਂਚਾ, ਜੋ ਜ਼ਿੰਦਗੀਆਂ ਤੇ ਰੋਜ਼ੀ-ਰੋਟੀ ਦੀ ਰੱਖਿਆ ਕਰ ਸਕੇ ।

ਮੌਸਮੀ ਸੰਕਟ ਦੌਰਾਨ ਪੀੜਤਾਂ ਨੂੰ ਤੁਰੰਤ ਰਾਹਤ ਦੇਣ ਦੀ ਬਜਾਏ ਇੱਕ ਜਾਣਿਆ-ਪਛਾਣਿਆ ਉਹੀ ਪੁਰਾਣਾ ਪੈਟਰਨ ਦੁਹਰਾਇਆ ਜਾਂਦਾ ਹੈ, ਨੀਤੀ ਨਿਰਧਾਰਕ ਹਵਾਈ ਤੇ ਜ਼ਮੀਨੀ ਸਰਵੇ ਕੀਤੇ ਜਾਂਦੇ ਹਨ । ਕਈ ਐਨ.ਜੀ.ਓ. ਅਤੇ ਕੰਪਨੀਆਂ ਪੈਸੇ ਤੇ ਸਾਮਾਨ ਨਾਲ ਯੋਗਦਾਨ ਪਾਉਂਦੀਆਂ ਹਨ, ਫਿਰ ਸਰਕਾਰ ਇੱਕ ਵਾਰ ਦਾ ਰਾਹਤ ਪੈਕੇਜ ਐਲਾਨ ਦਿੰਦੀ ਹੈ । ਭਾਵੇਂ ਇਹ ਕਦਮ ਮਹੱਤਵਪੂਰਨ ਹਨ, ਪਰ ਅਸਲ ਹੋਏ ਨੁਕਸਾਨ ਦੇ ਪੱਧਰ ਦਾ ਹੱਲ ਨਹੀਂ ਕਰ ਸਕਦੇ । ਹਰ ਸੂਬਾ ਪੱਧਰ 'ਤੇ ਤੁਰੰਤ ਲੋੜ ਹੈ ਕਿ ਇੱਕ ਮਜ਼ਬੂਤ, ਵਿਆਪਕ ਆਫ਼ਤ ਬੀਮਾ ਕਵਰ ਹੋਵੇ ਜੋ ਆਪਣੇ-ਆਪ ਹਰ ਨਾਗਰਿਕ ਨੂੰ ਸੁਰੱਖਿਅਤ ਕਰ ਸਕੇ । ਕਈ ਦੇਸ਼ ਪਹਿਲਾਂ ਹੀ ਅਜਿਹੇ ਮਾਡਲ ਅਪਣਾ ਚੁੱਕੇ ਹਨ ਅਤੇ ਭਾਰਤ ਵਿੱਚ ਵੀ ਕੁਸ਼ਲ ਬੀਮਾ ਕੰਪਨੀਆਂ ਇਹ ਚੁਣੌਤੀਆਂ ਸਵੀਕਾਰ ਕਰਨ ਲਈ ਤਿਆਰ ਹਨ । ਇਹ ਗੁੰਝਲਦਾਰ ਕੜੀ ਰਾਜਨੀਤਕ ਇਰਾਦੇ ਤੇ ਵਿੱਤੀ ਯੋਜਨਾ ਨਾਲ ਸੰਬੰਧਿਤ ਹੈ, ਜਿੱਥੇ ਕੇਂਦਰ ਤੇ ਸੂਬਾ ਦੋਹਾਂ ਪੱਧਰਾਂ 'ਤੇ ਪ੍ਰੀਮੀਅਮ ਭਰਨ ਲਈ ਵੱਖ-ਵੱਖ ਬਜਟ ਹੋਣਾ ਚਾਹੀਦਾ ਹੈ ਤਾਂ ਕਿ ਹਰ ਘਰ ਸੁਰੱਖਿਅਤ ਹੋਵੇ ਅਤੇ ਦਾਨ ਜਾਂ ਅਕੁਸ਼ਲ ਰਾਹਤ ਪ੍ਰਣਾਲੀ 'ਤੇ ਹੀ ਨਿਰਭਰ ਨਾ ਰਹਿਣਾ ਪਵੇ । ਰਾਹਤ ਪੈਕੇਜ ਆਫ਼ਤ ਪ੍ਰਬੰਧਨ ਦੀ ਰੀੜ੍ਹ ਦੀ ਹੱਡੀ ਨਹੀਂ, ਸਗੋਂ ਆਖਰੀ ਬਦਲ ਹੋਣੇ ਚਾਹੀਦੇ ਹਨ । ਅਸੀਂ ਮਜ਼ਬੂਤ ਆਫ਼ਤ ਬੀਮਾ ਸੁਰੱਖਿਆ ਦੇ ਤਾਣੇ-ਬਾਣੇ ਤੋਂ ਬਗੈਰ ਨੁਕਸਾਨ ਤੇ ਅੱਧੀ-ਅਧੂਰੀ ਰਾਹਤ ਦੇ ਖ਼ਤਰਨਾਕ ਚੱਕਰ ਵਿੱਚ ਫਸੇ ਰਹਾਂਗੇ । ਇਹ ਰਾਹਤ ਪੈਕੇਜ ਤਾਂ ਸਿਰਫ਼ ਸੁਰਖੀਆਂ ਬਣਨ ਲਈ ਹੁੰਦੇ ਹਨ, ਜੋ ਭਵਿੱਖ ਦੀ ਸੁਰੱਖਿਆ ਨਹੀਂ ਕਰ ਸਕਦੇ । ਅੱਗੇ ਦਾ ਰਾਹ ਸਪੱਸ਼ਟ ਹੈ, ਮੌਸਮੀ ਤੇ ਆਫ਼ਤ ਬੀਮਾ ਨੂੰ ਸਰਬ ਵਿਆਪੀ ਤੇ ਲਾਜ਼ਮੀ ਬਣਾਉਣਾ ਚਾਹੀਦਾ ਹੈ, ਤਾਂ ਜੋ ਖੇਤ, ਪਸ਼ੂ, ਢਾਂਚੇ ਤੇ ਘਰਾਂ ਦੀ ਸੁਰੱਖਿਆ ਯਕੀਨੀ ਹੋਵੇ । ਬੀਮਾ ਨੂੰ ਪਾਰਦਰਸ਼ੀ ਨਿਯਮ, ਸੁਤੰਤਰ ਨਿਗਰਾਨੀ ਅਤੇ ਸਮਾਂ-ਬੱਧ ਭੁਗਤਾਨ ਨਾਲ ਜੋੜਿਆ ਜਾਣਾ ਚਾਹੀਦਾ ਹੈ ।



### ਰਾਹਤ ਪੈਕੇਜਾਂ ਦਾ ਰੋਲ

ਅੰਕੜੇ ਬੜਾ ਕਠੋਰ ਇਤਿਹਾਸ ਦੱਸਦੇ ਹਨ । 1980 ਤੋਂ 2024 ਤੱਕ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਲਗਭਗ 1.3 ਕਰੋੜ ਲੋਕ ਪ੍ਰਭਾਵਿਤ ਹੋਏ ਅਤੇ 4.64 ਲੱਖ ਹੈਕਟੇਅਰ ਤੋਂ ਵੱਧ ਜ਼ਮੀਨ ਪਾਣੀ ਵਿੱਚ ਡੁੱਬੀ ਸੀ । ਹਰ ਘਟਨਾ ਹੋਰ ਡੂੰਘੇ ਆਰਥਿਕ, ਸਮਾਜਿਕ ਤੇ ਭਾਵਨਾਤਮਿਕ ਦਾਗ ਛੱਡਦੀ ਹੈ । ਸਿਰਫ਼ ਇਸ ਸਾਲ 1.92 ਲੱਖ ਹੈਕਟੇਅਰ ਝੋਨਾ, ਮੱਕੀ ਤੇ ਕਪਾਹ ਦੇ ਖੇਤ ਪਾਣੀ ਦੀ ਮਾਰ ਹੇਠ ਆ ਗਏ । ਸਬਜ਼ੀਆਂ ਤੇ ਫ਼ਲ ਉਗਾਉਣ ਵਾਲੇ ਬਾਗ ਇੱਕ ਰਾਤ ਵਿੱਚ ਬਰਬਾਦ ਹੋ ਗਏ । ਡੇਅਰੀ ਵਾਲੇ ਕਿਸਾਨਾਂ ਨੇ ਪਸ਼ੂ ਗੁਆ ਲਏ, ਜੋ ਦਿਖਾਵੇ ਦੇ ਮੁਆਵਜ਼ੇ ਨਾਲ ਮੁੜ ਨਹੀਂ ਸਕਦੇ । ਇਨ੍ਹਾਂ ਸਭ ਦਾ ਬੀਮਾ ਕਵਰੇਜ ਨਾ ਹੋਣ ਕਰਕੇ ਨੁਕਸਾਨ ਦੀ ਪੂਰਤੀ ਨਹੀਂ ਹੋ ਸਕਦੀ । ਜੇਕਰ ਕੋਈ ਰਾਹਤ ਦੀ ਰਕਮ ਆਉਂਦੀ ਵੀ ਹੈ ਤਾਂ ਪ੍ਰਣਾਲੀਗਤ ਖਾਮੀਆਂ ਤੇ ਚੋਰੀ-ਚਕਾਰੀ ਕਾਰਨ ਅਸਲ ਪੀੜਤਾਂ/ਲੋੜਵੰਦਾਂ ਤੱਕ ਠੀਕ ਤਰ੍ਹਾਂ ਪਹੁੰਚਾਉਣੀ ਮੁਸ਼ਕਿਲ ਹੋ ਜਾਂਦੀ ਹੈ । ਮੌਜੂਦਾ ਮੁਆਵਜ਼ਾ ਯੋਜਨਾਵਾਂ ਨੁਕਸਾਨ ਦੀ ਪੂਰਤੀ ਕਰਨ ਤੋਂ ਅਸਮਰੱਥ ਹਨ, ਹੁਣ ਕੇਂਦਰ ਸਰਕਾਰ ਨੇ 1,600 ਕਰੋੜ ਰੁਪਏ ਦੀ ਹੜ੍ਹ ਰਾਹਤ ਦਾ ਐਲਾਨ ਕੀਤਾ ਹੈ, ਜਦਕਿ ਪੰਜਾਬ ਨੇ ਪ੍ਰਭਾਵਿਤ ਕਿਸਾਨਾਂ ਲਈ ਪ੍ਰਤੀ ਏਕੜ 20,000 ਰੁਪਏ ਦਾ ਵਾਅਦਾ ਕੀਤਾ ਹੈ, ਜਦਕਿ ਕਿਸਾਨ ਆਪਣੇ ਵੱਖਰੇ ਹਿਸਾਬ ਨਾਲ ਪ੍ਰਤੀ ਏਕੜ 70,000 ਰੁਪਏ ਦਾ ਨੁਕਸਾਨ ਦੱਸਦੇ ਹਨ । ਜ਼ਿਕਰਯੋਗ ਹੈ ਕਿ ਹੜ੍ਹ ਸਿਰਫ਼ ਫ਼ਸਲਾਂ ਨੂੰ ਹੀ ਨਹੀਂ ਉਜਾੜਦਾ, ਸਗੋਂ ਉਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ, ਕਿਉਂਕਿ ਨਵੀਂ ਫ਼ਸਲ ਬੀਜਣ ਵਿੱਚ ਦੇਰੀ ਹੋਣ ਦੇ ਨਾਲ ਹੀ ਬਿਜਾਈ ਦੀਆਂ ਲਾਗਤਾਂ ਵੱਧਦੀਆਂ ਹਨ । ਕੋਈ ਇੱਕ ਵਾਰ ਦਾ ਭੁਗਤਾਨ ਇਸ ਨੁਕਸਾਨ ਦਾ ਹੱਲ ਨਹੀਂ ਕਰ ਸਕਦਾ ।

### ਦੁਨੀਆ ਤੋਂ ਸਬਕ

ਕਈ ਦੇਸ਼ਾਂ ਨੇ ਇਸੇ ਤਰ੍ਹਾਂ ਦੀਆਂ ਆਫ਼ਤਾਂ ਦਾ ਸਾਹਮਣਾ ਕੀਤਾ ਹੈ, ਉਨ੍ਹਾਂ ਸਿਰਫ਼ ਰਾਹਤ ਪੈਕੇਜ ਦੇਣ ਦੀ ਬਜਾਏ ਪ੍ਰਣਾਲੀਗਤ ਬੀਮਾ ਢਾਂਚੇ ਬਣਾਏ ਹਨ । ਜਪਾਨ ਕੋਲ ਇੱਕ ਵਿਆਪਕ ਭੂਚਾਲ ਤੇ ਤੂਫ਼ਾਨ ਬੀਮਾ ਪ੍ਰਣਾਲੀ ਹੈ, ਜਿਸ ਵਿੱਚ ਸਰਕਾਰ ਪ੍ਰੀਮੀਅਮ ਦਾ ਹਿੱਸਾ ਸਬਸਿਡੀ ਵਜੋਂ ਦਿੰਦੀ ਹੈ । ਮੁਆਵਜ਼ੇ ਦੇ ਦਾਅਵੇ ਤੁਰੰਤ ਨਿਪਟਾਏ ਜਾਣ ਨਾਲ ਪਰਿਵਾਰਾਂ ਦੇ ਨੁਕਸਾਨ ਦੀ ਪੂਰਤੀ ਜਲਦੀ ਹੋ ਜਾਂਦੀ ਹੈ । ਫਿਲਪੀਨ ਨੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੈਰਾਮੈਟਰਿਕ ਬੀਮਾ ਵਿਕਸਿਤ ਕੀਤਾ ਹੈ, ਜਿੱਥੇ ਭੁਗਤਾਨ ਆਪਣੇ-ਆਪ ਹੀ 'ਟ੍ਰਿਗਰ' ਹੁੰਦੇ ਹਨ, ਜਦੋਂ ਮੀਂਹ ਜਾਂ ਹਵਾ ਦੀ ਗਤੀ ਹੱਦ ਪਾਰ ਕਰਦੀ ਹੈ । ਅਮਰੀਕਾ 'ਫੈਡਰਲ ਕ੍ਰਾਪ ਇੰਸ਼ੋਰੈਂਸ ਪ੍ਰੋਗਰਾਮ' ਚਲਾਉਂਦਾ ਹੈ, ਜੋ ਕਿਸਾਨਾਂ ਨੂੰ ਹੜ੍ਹ, ਸੋਕੇ ਅਤੇ ਤੂਫ਼ਾਨਾਂ ਤੋਂ ਬਚਾਉਂਦਾ ਹੈ । ਪ੍ਰੀਮੀਅਮ ਸਬਸਿਡੀ ਅਧਾਰਿਤ ਹੁੰਦੇ ਹਨ, ਤਕਨਾਲੋਜੀ ਨਾਲ ਦਾਅਵੇ ਨਿਰਪੱਖ ਨਾਲ ਜਾਂਚੇ ਜਾਂਦੇ ਹਨ । ਅਫ਼ਰੀਕੀ ਦੇਸ਼ਾਂ-ਕੀਨੀਆ ਤੇ ਇਥੋਪੀਆ ਨੇ ਇੰਡੈਕਸ-ਬੇਸਡ ਲਾਈਵ ਸਟਾਕ ਬੀਮਾ ਅਪਣਾਇਆ ਹੈ, ਜਿੱਥੇ ਨੁਕਸਾਨ ਹੋਣ 'ਤੇ ਸੈਟੇਲਾਈਟ ਡੇਟਾ ਨਾਲ ਪਸ਼ੂ ਪਾਲਕਾਂ ਨੂੰ ਤੁਰੰਤ ਮੁਆਵਜ਼ਾ ਮਿਲ ਜਾਂਦਾ ਹੈ ।

ਅਸੀਂ ਇਨ੍ਹਾਂ ਮਾਡਲਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ- ਪੈਰਾਮੈਟਰਿਕ ਬੀਮਾ ਤੇ ਆਟੋਮੈਟਿਕ ਭੁਗਤਾਨਾਂ ਦਾ ਮਿਲਾਪ, ਵਿਵਾਦ ਤੇ ਦੇਰੀ ਨੂੰ ਖ਼ਤਮ ਕਰਦਾ ਹੈ । ਸਰਬ ਵਿਆਪਕ ਆਫ਼ਤ ਬੀਮਾ ਪੂਲ ਅਤੇ ਪਿੰਡਾਂ ਲਈ ਮਾਈਕਰੋ-ਬੀਮਾ ਬਣਾਇਆ ਜਾ ਸਕਦਾ ਹੈ, ਜਿਸ ਵਿੱਚ ਕੇਂਦਰ ਤੇ ਸੂਬੇ ਦੋਹਾਂ ਨੂੰ ਪ੍ਰੀਮੀਅਮ ਦਾ ਖ਼ਰਚ ਉਠਾਉਣਾ ਹੋਵੇਗਾ, ਇਸ ਤਹਿਤ ਛੋਟੇ ਕਿਸਾਨਾਂ ਲਈ ਸਿਰਫ਼ ਫ਼ਸਲਾਂ ਹੀ ਨਹੀਂ, ਸਗੋਂ ਪਸ਼ੂ, ਘਰ ਤੇ ਸਿਹਤ ਵੀ ਬੀਮੇ ਵਿੱਚ ਕਵਰ ਹੋਣੇ ਚਾਹੀਦੇ ਹਨ । ਇਸ ਤਰ੍ਹਾਂ ਸੂਬਾ ਸਰਕਾਰਾਂ ਕੇਂਦਰ ਦੀ ਮਨਜ਼ੂਰੀ ਦੀ ਉਡੀਕ ਕੀਤੇ ਬਗੈਰ ਤੁਰੰਤ ਫੰਡ ਪ੍ਰਾਪਤ ਕਰ ਸਕਦੀਆਂ ਹਨ ।

### ਅੱਗੇ ਦਾ ਰਾਹ

2025 ਦੇ ਹੜ੍ਹ ਸਿਰਫ਼ ਇੱਕ ਹੋਰ ਆਫ਼ਤ ਨਹੀਂ ਹੈ, ਇਹ ਯਾਦ ਦਿਵਾਉਂਦਾ ਹੈ ਕਿ, ਕੀ ਕੁਝ ਦਾਅ 'ਤੇ ਹੈ । ਇਸ ਲਈ ਹਮਦਰਦੀ ਤੇ ਰਾਹਤ ਹੀ ਕਾਫ਼ੀ ਨਹੀਂ, ਸਗੋਂ ਦੇਸ਼ ਨੂੰ ਇੱਕ ਜ਼ਿੰਮੇਵਾਰ ਆਫ਼ਤ ਬੀਮਾ ਢਾਂਚੇ ਦੀ ਟਿਕਾਊ ਸੁਰੱਖਿਆ ਦੀ ਲੋੜ ਹੈ- ਜੋ ਲੋਕਾਂ ਨੂੰ ਨਿਰਭਰਤਾ ਦੀ ਬਜਾਏ ਲਚਕੀਲਾਪਨ ਦੇਵੇ । ਜੇਕਰ ਪੰਜਾਬ ਆਪਣੇ ਬੇਮਿਸਾਲ ਆਤਮਿਕ ਬਲ ਨੂੰ ਪ੍ਰਣਾਲੀਗਤ ਆਫ਼ਤ ਬੀਮਾ ਕਵਰੇਜ ਨਾਲ ਜੋੜ ਲਵੇ, ਤਾਂ ਇਹ ਪੂਰੇ ਦੇਸ਼ ਲਈ ਉਦਾਹਰਨ ਬਣ ਸਕਦਾ ਹੈ । ਦੁਨੀਆ ਨੇ ਸਾਨੂੰ ਮਾਡਲ ਵਿਖਾਏ ਹਨ, ਜੋ ਕੰਮ ਕਰਦੇ ਹਨ । ਹੁਣ ਭਾਰਤ ਲਈ ਉਨ੍ਹਾਂ ਨੂੰ ਅਪਣਾਉਣ ਦਾ ਸਮਾਂ ਹੈ, ਤਾਂ ਜੋ ਕੋਈ ਹੜ੍ਹ, ਤੂਫ਼ਾਨ, ਸੋਕਾ ਜਾਂ ਕੋਈ ਭੂਚਾਲ ਕਦੇ ਵੀ ਪਰਿਵਾਰਾਂ ਦੀ ਇੱਜ਼ਤ, ਸੁਰੱਖਿਆ ਤੇ ਭਵਿੱਖ ਨਾ ਲੁੱਟ ਸਕੇ । ਕੇਂਦਰ ਤੇ ਸੂਬੇ ਦੋਵੇਂ ਪੱਧਰਾਂ 'ਤੇ ਹਰ ਹਾਲਤ ਵਿੱਚ ਇੱਕ ਵੱਖਰਾ ਬਜਟ ਬਣਨਾ ਚਾਹੀਦਾ ਹੈ, ਤਾਂ ਕਿ ਕੋਈ ਵੀ ਘਰ ਬਿਨਾ ਕਵਰੇਜ ਦੇ ਨਾ ਰਹਿ ਸਕੇ ।

(ਲੇਖਕ ਕੈਬਨਿਟ ਮੰਤਰੀ ਰੈਂਕ ਵਿੱਚ ਪੰਜਾਬ ਇਕਨਾਮਿਕ ਪਾਲਸੀ ਅਤੇ ਪਲਾਨਿੰਗ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ)

**ਕਣਕ ਤੋਂ ਬਹੁਤ ਸਾਰੇ ਖਾਣ ਵਾਲੇ ਪਦਾਰਥ ਬਣਾਏ ਜਾਂਦੇ ਹਨ । ਗੁਣਵੱਤਾ ਦੇ ਆਧਾਰ 'ਤੇ ਪੈਦਾਵਾਰ ਕਰਨ ਲਈ ਇਸ ਦੇ ਬੀਜ ਦੀ ਪਰਖ ਹੋਣੀ ਚਾਹੀਦੀ ਹੈ...**

# ਆਰਗੈਨਿਕ ਕਣਕ ਦੀ ਘਰੇਲੂ ਪੱਧਰ 'ਤੇ ਬਿਜਾਈ



ਬ੍ਰਿਸ਼ ਭਾਨ ਬੁਜਰਕ
ਮੋਬਾਇਲ : 98761-01698

ਪੰਜਾਬ ਦੇ ਕਿਸਾਨਾਂ ਵੱਲੋਂ ਕਣਕ ਨੂੰ ਮੁੱਖ ਫ਼ਸਲ ਵਜੋਂ ਬੀਜਿਆ ਜਾਂਦਾ ਹੈ ਕਿਉਂਕਿ ਇਹ ਫ਼ਸਲ ਕਿਸਾਨਾਂ ਦੇ ਪਸ਼ੂਆਂ ਤੋਂ ਲੈ ਕੇ ਘਰੇਲੂ ਖਾਣ ਦੇ ਕੰਮ ਆਉਂਦੀ ਹੈ ਤੇ ਦੁਨੀਆ ਭਰ ਵਿੱਚ ਕਣਕ ਤੋਂ ਬਹੁਤ ਸਾਰੇ ਉਤਪਾਦ ਬਣਾ ਕੇ ਵੇਚੇ ਜਾਂਦੇ ਹਨ । ਜਿਵੇਂ ਕਿ ਬਰੈਡ, ਰਸ, ਡਬਲਰੋਟੀ ਤੇ ਹੋਰ ਬਹੁਤ ਸਾਰੇ ਖਾਣ ਵਾਲੇ ਪਦਾਰਥ ਅਜਿਹੇ ਹਨ । ਜਿਹੜੇ ਕਣਕ ਤੋਂ ਤਿਆਰ ਹੁੰਦੇ ਹਨ । ਹੁਣ ਕਣਕ ਦੀ ਫ਼ਸਲ ਦੀਆਂ ਕਈ ਕਿਸਮਾਂ, ਹਰਿਆਣਾ, ਰਾਜਸਥਾਨ, ਯੂਪੀ., ਮਹਾਂਰਾਸ਼ਟਰ ਆਦਿ ਵਰਗੇ ਕਈ ਹੋਰ ਰਾਜਾਂ ਵਿੱਚ ਵੀ ਪੈਦਾ ਹੋ ਰਹੀਆਂ ਹਨ ਪਰ ਕਣਕ ਦੀ ਬਿਜਾਈ ਲਈ ਕਿਸਮਾਂ ਦੀ ਚੋਣ ਅਤੇ ਘੱਟ ਖ਼ਰਚ ਨਾਲ ਫ਼ਸਲ ਨੂੰ ਪਕਾਉਣ ਜਾਂ ਨਦੀਨਾਂ ਦੀ ਰੋਕਥਾਮ ਬਿਨ੍ਹਾਂ ਜ਼ਹਿਰਾਂ ਤੋਂ ਕਰਨ ਤੇ ਆਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਆਰਗੈਨਿਕ ਕਣਕ ਦੀ ਕਾਸ਼ਤ ਕਰਨ ਵਰਗੇ ਕਈ ਮਸਲੇ ਕਾਸ਼ਤਕਾਰਾਂ ਤੇ ਲੋਕਾਂ ਦੇ ਸਾਹਮਣੇ ਖੜ੍ਹੇ ਹਨ । ਹੁਣ ਕੁਝ ਪਰਿਵਾਰਾਂ ਕੋਲ ਐਮਪੀ ਦੀ ਬਿਨ੍ਹਾਂ ਖਾਦਾਂ ਤੇ ਸਪਰੇਆਂ ਵਾਲੀ ਕਣਕ ਪਹੁੰਚ ਰਹੀ ਹੈ । ਜਿਸ ਨੂੰ ਉਹ ਮਹਿੰਗੇ ਭਾਅ ਖਰੀਦ ਵੀ ਰਹੇ ਹਨ ਪਰ ਪੰਜਾਬ ਦੇ ਕਿਸਾਨਾਂ ਨੂੰ ਕੋਈ ਵੀ ਅਜਿਹੀ ਖੇਤੀ ਕਰਨ ਵੱਲ ਪ੍ਰੇਰਿਤ ਨਹੀਂ ਕਰ ਰਿਹਾ ਕਿ ਪੰਜਾਬ ਵਿੱਚ ਆਪਣੇ ਤੇ ਗੁਆਂਢੀਆਂ ਦੀ ਜਾਂ ਆਪਣੇ ਆੜਤੀਏ ਦੀ ਲੋੜ ਪੂਰੀ ਕਰਨ ਲਈ 2/4 ਏਕੜ ਕਣਕ ਪੰਜਾਬ ਵਿੱਚ ਹੀ ਬੀਜ ਲਈ ਜਾਵੇ ਸਗੋਂ ਐਮਪੀ ਦੀ ਆਰਗੇਨਿਕ ਕਣਕ ਕਹਿ ਕੇ ਵੇਚੀ ਜਾ ਰਹੀ ਹੈ ।

### ਕਣਕ ਦੀ ਬਿਜਾਈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੱਕ ਨੇ ਹੜ੍ਹ ਪੀੜਤ ਕਿਸਾਨਾਂ ਨੂੰ ਕਣਕ ਦੇ ਬੀਜ ਦੇਣ ਦਾ ਐਲਾਨ ਕੀਤਾ ਪਰ ਕਣਕ ਬੀਜਣ ਲਈ ਬੀਜ ਖੇਤੀ ਮਾਹਿਰਾਂ ਅਨੁਸਾਰ ਹੀ ਦੇਣਾ ਚਾਹੀਦਾ ਹੈ । ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਕਣਕ ਦੀ ਬਿਜਾਈ ਤਕਰੀਬਨ ਨਵੰਬਰ ਮਹੀਨੇ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅਖ਼ੀਰਲੇ ਹਫ਼ਤੇ ਤੱਕ ਕੀਤੀ ਜਾਂਦੀ ਹੈ, ਪੰਜਾਬ ਦੀ ਕਈ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਕਾਰਨ ਕਣਕ ਦੀ ਬਿਜਾਈ ਹੋਰ ਵੀ ਪਛੇਤੀ ਹੋ ਸਕਦੀ ਹੈ । ਆਮ ਤੌਰ 'ਤੇ ਪਿੰਡਾਂ ਵਿੱਚ ਦੀਵਾਲੀ ਵਾਲੇ ਦਿਨ ਕਾਫ਼ੀ ਹੱਦ ਤੱਕ ਕਣਕ ਦੀ ਬਿਜਾਈ ਦਾ ਕੰਮ ਨਿੱਬੜ ਜਾਂਦਾ ਸੀ ਪਰ ਦੀਵਾਲੀ ਅਕਤੂਬਰ ਦੇ ਹਫ਼ਤੇ ਹੀ ਆ ਗਈ ਹੈ । ਇਸ ਕਰ ਕੇ ਬਿਜਾਈ ਦਾ ਕੇਂਦਰ ਬਿੰਦੂ ਦੀਵਾਲੀ ਨੂੰ ਨਹੀਂ ਮੰਨਿਆ ਜਾ ਸਕਦਾ । ਹੁਣ ਤੋਂ 4 ਦਹਾਕੇ ਪਿੱਛੇ ਵਾਲੀ ਕਣਕ ਦੀ ਬਿਜਾਈ ਤੇ ਮੌਜੂਦਾ ਦੌਰ ਵਾਲੀ ਬਿਜਾਈ ਵਿੱਚ ਜ਼ਮੀਨ/ਅਸਮਾਨ ਦਾ ਫ਼ਰਕ ਹੈ । ਕਿਉਂਕਿ ਪਹਿਲਾਂ ਬਲਦਾਂ ਦੇ ਪਿੱਛੇ ਬੋਰ ਵਾਲਾ ਹਲ ਜੋੜ ਕੇ ਇੱਕ ਬੰਦਾ ਬੋਰ ਵਿੱਚੋਂ ਖਾਦ ਪਾਉਂਦਾ ਸੀ ਤੇ ਦੂਜਾ ਉਸ ਦੇ ਪਿੱਛੇ ਬਣਨ ਵਾਲੀਆਂ ਖੁੱਡਾਂ ਵਿੱਚ ਕਣਕ ਦੇ ਦਾਣੇ ਕੇਰਦਾ ਸੀ । ਇਸ ਤਰ੍ਹਾਂ ਦੀ ਬਿਜਾਈ ਨਾਲ ਇੱਕ ਦਿਨ ਵਿੱਚ 2/3 ਏਕੜ ਹੀ ਬੀਜੀ ਜਾਂਦੀ ਸੀ ਤੇ ਬਾਅਦ ਵਿੱਚ ਬੀਜੀ ਹੋਈ ਕਣਕ 'ਤੇ ਸੁਹਾਗੀ ਮਾਰ ਕੇ 2/3 ਦਿਨਾਂ ਬਾਅਦ ਵੱਟਾਂ ਪਾ ਕੇ ਕਣਕ ਨੂੰ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾਂਦਾ ਸੀ । ਫਿਰ ਤਿੰਨ ਚਾਰ ਫਾਲਿਆਂ ਵਾਲੀ ਕਣਕ ਬੀਜਣ ਵਾਲੀ ਮਸ਼ੀਨ ਆ ਗਈ । ਇਸ ਨਾਲ ਖਾਦ ਤੇ ਕਣਕ ਇਕੱਠੀ ਹੀ ਜ਼ਮੀਨ ਵਿੱਚ ਕੇਰ ਦਿੱਤੀ ਜਾਂਦੀ ਸੀ । ਹੁਣ ਮਸ਼ੀਨਰੀ ਦਾ ਯੁੱਗ ਹੋਣ ਕਰਕੇ ਟਰੈਕਟਰ ਪਿੱਛੇ ਕਣਕ ਬੀਜਣੀ ਡਰਿਲ ਪਾ ਕੇ ਇੱਕ ਦਿਨ ਵਿੱਚ 12 ਤੋਂ 13 ਏਕੜ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ ।

### ਕਣਕ ਦੀ ਬਿਜਾਈ ਤੋਂ ਪਹਿਲਾਂ ਬੀਜ ਦੀ ਪਰਖ

ਕਣਕ ਦੇ ਬੀਜ ਦਾ ਫੁਟਾਰਾ ਵੇਖਣ ਲਈ ਦੋ ਤਿੰਨ ਅਸਾਨ ਜਿਹੇ ਤਰੀਕੇ ਲੱਭੇ ਗਏ ਹਨ । ਪਹਿਲਾ ਤਰੀਕਾ ਇਹ ਹੈ ਕਿ ਜਿਹੜੀ ਕਣਕ ਦਾ ਬੀਜ ਕਿਸਾਨ ਬੀਜਣਾ ਚਾਹੁੰਦਾ ਹੈ । ਉਸ ਕਣਕ ਦੇ 100 ਕੁ ਦਾਣੇ 40 ਕਿਲੋ ਵਿੱਚੋਂ (ਛਾਟ ਕੇ ਨਹੀਂ) ਅੰਦਾਜ਼ੇ ਨਾਲ ਹੀ ਲਵੋ ਤੇ ਉਨ੍ਹਾਂ ਨੂੰ ਮਿੱਟੀ ਦੇ ਭਾਂਡੇ ਵਿੱਚ ਇੱਕ ਹਫ਼ਤਾ ਪਹਿਲਾਂ ਬੀਜੋ ਤੇ ਫਿਰ ਉਨ੍ਹਾਂ ਦੇ ਫੁਟਾਰੇ ਵਾਲੀ ਬੀਜਾਂ ਦੀ ਗਿਣਤੀ ਕਰੋ । ਜੇਕਰ 100 ਵਿੱਚੋਂ 95 ਬੀਜ ਉੱਗ ਆਏ ਹਨ ਤਾਂ ਤੁਹਾਡਾ ਕਣਕ ਦਾ ਬੀਜ ਸਫ਼ਲ ਹੈ । ਜੇਕਰ ਉੱਗਣ ਵਾਲੇ ਬੀਜਾਂ ਦੀ ਮਾਤਰਾ 65/70 ਹੈ ਤਾਂ ਤੁਹਾਡੇ ਕਣਕ ਦੇ ਬੀਜ ਦਾ ਫੁਟਾਰਾ ਬਹੁਤਾ ਹੋਣ ਵਾਲਾ ਨਹੀਂ ਹੈ । ਕਿਉਂਕਿ ਬਰਾਨੀ ਧਰਤੀ ਹੋਣ ਕਰਕੇ ਜੌਂ ਦੇ ਬੀਜਾਂ ਦਾ ਛਿੱਟਾ ਦਿੱਤਾ ਜਾਂਦਾ ਸੀ । ਥੋੜ੍ਹੀ ਜਿਹੀ ਬਰਸਾਤ ਹੋਣ ਨਾਲ ਵੀ ਬੀਜ ਵਿੱਚ ਤਾਕਤ ਹੋਣ ਕਰਕੇ ਟਿੱਬਿਆਂ ਵਿੱਚ ਫ਼ਸਲ ਹੋ ਜਾਂਦੀ ਸੀ ਪਰ ਪੰਜਾਬ ਵਿੱਚ ਜੌਆਂ ਦੀ ਫ਼ਸਲ ਦੀ ਕਾਸ਼ਤ ਖ਼ਤਮ ਹੋਣ ਤੋਂ ਬਾਅਦ ਵੀ ਅਸੀਂ ਦੁਸਹਿਰੇ ਦੇ ਰੂਪ ਵਿੱਚ ਜੌਂ ਬੀਜਣ ਦਾ ਤਜ਼ਰਬਾ ਕਰ ਰਹੇ ਹਾਂ । ਕਿਸਾਨ ਵੀਰ ਕਣਕ ਦੇ ਬੀਜ ਦੀ ਪਰਖ ਦੁਸਹਿਰੇ ਦੇ ਰੂਪ ਵਿੱਚ ਵੀ ਕਰ ਸਕਦੇ ਹਨ । ਉਨ੍ਹਾਂ ਸਮਿਆਂ ਵਿੱਚ ਕਣਕ ਦੀ ਫ਼ਸਲ ਕਿਤੇ ਵੀ ਨਹੀਂ ਸੀ ਸਗੋਂ ਜੌਆਂ ਦੀ ਬਿਜਾਈ ਹੁੰਦੀ ਸੀ । ਦੁਸਹਿਰੇ ਦੇ ਰੂਪ ਵਿੱਚ ਜੌਂ ਦੇ ਬੀਜ ਦਾ ਫੁਟਾਰਾ ਵੇਖਿਆ ਜਾਂਦਾ ਸੀ । 7 ਜਾਂ 11 ਭਾਂਡਿਆਂ ਵਿੱਚ ਜੌਂ ਬੀਜਣ ਦਾ ਮਤਲਬ ਇਹ ਹੀ ਸੀ । ਇਸ ਤਰ੍ਹਾਂ ਜੌਂ ਅਤੇ ਕਣਕ ਦੀ ਬਿਜਾਈ ਕਰਨ ਤੋਂ ਪਹਿਲਾਂ ਸ਼ੁੱਧ ਤੇ ਵਧੀਆ ਬੀਜ ਦੀ ਕਿਸਾਨ ਵੀਰ ਪਰਖ ਕਰ ਸਕਦੇ ਹਨ ।

### ਪਾਣੀ ਅਤੇ ਖਾਦ

ਕਣਕ ਦੀ ਬਿਜਾਈ ਕਰਨ ਸਮੇਂ ਪ੍ਰਤੀ ਏਕੜ 40 ਕਿਲੋ ਬੀਜ ਤੇ ਇੱਕ ਥੈਲਾ ਡੀਏਪੀ ਖਾਦ ਪਾਇਆ ਜਾਂਦਾ ਹੈ । ਉਸ ਤੋਂ 26 ਤੋਂ 30 ਦਿਨਾਂ ਬਾਅਦ ਪਹਿਲਾ ਪਾਣੀ ਲਗਾਇਆ ਜਾਂਦਾ ਹੈ ਤੇ ਇੱਕ ਥੈਲਾ ਯੂਰੀਆ ਖਾਦ ਪਾਈ ਜਾਂਦੀ ਹੈ । ਪਾਣੀ ਲਗਾਉਣ ਦਾ ਇਹ ਸਮਾਂ ਮੌਸਮ ਤੇ ਜ਼ਮੀਨ ਮੁਤਾਬਿਕ ਬਦਲਿਆ ਵੀ ਜਾ ਸਕਦਾ ਹੈ । ਪਾਣੀ ਲਗਾਉਣ ਤੋਂ ਬਾਅਦ ਜ਼ਮੀਨ ਬੱਤਰ ਹੋ ਜਾਣ 'ਤੇ ਨਦੀਨ-ਨਾਸ਼ਕ ਤੇ ਇੱਕ ਥੈਲਾ ਯੂਰੀਆ ਖਾਦ ਦਾ ਇੱਕ ਥੈਲਾ ਦੂਸਰੇ ਪਾਣੀ ਨਾਲ ਪਾਇਆ ਜਾਂਦਾ ਹੈ । ਹੁਣ ਨਵੀਆਂ ਖੋਜਾਂ ਹੋਣ ਕਰਕੇ ਸਪਰੇਅ ਵਾਲਾ ਯੂਰੀਆ ਆ ਰਿਹਾ ਹੈ, ਜਿਸ ਦਾ ਫ਼ਸਲ 'ਤੇ ਸਪਰੇਅ ਕੀਤਾ ਜਾ ਸਕਦਾ ਹੈ ਤੇ ਖਰਚਾ ਬਹੁਤ ਘੱਟ ਆਉਂਦਾ ਹੈ । ਝੋਨੇ ਦੀ ਪਰਾਲੀ ਖੇਤ ਵਿੱਚ ਹੀ ਵਾਹੀ ਹੋਵੇ ਤਾਂ ਇੱਕ ਹੈਕਟੇਅਰ ਵਿੱਚ ਅੰਦਾਜ਼ਨ 30 ਕਿਲੋ ਨਾਈਟ੍ਰੋਜਨ, 13 ਕਿਲੋ ਫਾਸਫੋਰਸ, 30 ਕਿਲੋ ਪੋਟਾਸ਼, 6 ਕਿਲੋ ਸਲਫ਼ਰ, 2400 ਕਿਲੋ ਕਾਰਬਨ ਤਿਆਰ ਹੋ ਜਾਂਦੇ ਹਨ ।

### ਆਰਗੈਨਿਕ ਕਣਕ ਦੀ ਪੈਦਾਵਾਰ

ਜੇਕਰ ਕਣਕ ਦੀ ਗੱਲ ਕੀਤੀ ਜਾਵੇ ਤਾਂ ਕਿਸਾਨ ਵਪਾਰਕ ਤੌਰ 'ਤੇ ਫ਼ਸਲ ਨਹੀਂ ਬੀਜਣੀ ਚਾਹੁੰਦਾ ਤਾਂ ਆਪਣੇ ਪਰਿਵਾਰ ਦੇ ਖਾਣ ਵਾਸਤੇ 1/2 ਏਕ ਆਰਗੈਨਿਕ ਕਣਕ ਦੀ ਬਿਜਾਈ ਕਰ ਸਕਦਾ ਹੈ, ਜਿਸ ਦਾ ਝਾੜ ਜ਼ਿਆਦਾ ਨਾ ਸਹੀ ਪਰ ਉਸ ਦੇ ਪਰਿਵਾਰ ਦੇ ਖਾਣ ਵਾਸਤੇ ਪੈਦਾ ਹੋ ਸਕਦੀ ਹੈ । ਕਣਕ ਦੀ ਬਿਜਾਈ ਤੋਂ ਪਹਿਲਾਂ 4 ਟਰਾਲੀਆਂ ਰੂੜੀ ਪ੍ਰਤੀ ਏਕੜ ਪਾਈ ਜਾ ਸਕਦੀ ਹੈ । ਰੂੜੀ ਦੀ ਖਾਦ 2/3 ਤਿੰਨ ਸਾਲ ਪੁਰਾਣੀ ਹੋਣੀ ਚਾਹੀਦੀ ਹੈ । ਪਸ਼ੂਆਂ ਦੇ ਗੋਹੇ ਨੂੰ ਖਾਦ ਨਹੀਂ ਮੰਨਿਆ ਜਾ ਸਕਦਾ । ਸਗੋਂ 2 ਤੋਂ 3 ਸਾਲ ਡੂੰਘੇ ਟੋਏ ਵਿੱਚ ਦੱਬੇ ਹੋਏ ਮਲ ਮੂਤਰ ਨੂੰ ਰੂੜੀ ਦਾ ਖਾਦ ਕਿਹਾ ਜਾ ਸਕਦਾ ਹੈ । ਗੁੜ ਨੂੰ 10 ਦਿਨਾਂ ਤੱਕ ਪਾਣੀ ਵਿੱਚ ਰੱਖਣ ਤੋਂ ਬਾਅਦ ਫ਼ਸਲ 'ਤੇ ਉਸ ਦੀ ਸਪਰੇਅ ਵੀ ਕੀਤੀ ਜਾ ਸਕਦੀ ਹੈ । ਇਸ ਤਰ੍ਹਾਂ ਕਿਸਾਨ ਆਰਗੈਨਿਕ ਕਣਕ ਦੀ ਫ਼ਸਲ ਵੀ ਪੈਦਾ ਕਰ ਸਕਦੇ ਹਨ ।

### ਜ਼ਮੀਨ ਦੀ ਮਿੱਟੀ ਪਰਖ

ਖੇਤ ਵਿੱਚ ਕੋਈ ਵੀ ਫ਼ਸਲ ਬੀਜਣੀ ਹੋਵੇ ਤਾਂ ਸਾਲ ਵਿੱਚ ਇੱਕ ਵਾਰੀ ਮਿੱਟੀ ਪਰਖ ਜ਼ਰੂਰ ਕਰਵਾਓ ਕਿਉਂਕਿ ਮਿੱਟੀ ਪਰਖ ਕਰਵਾਉਣ ਨਾਲ ਬੇਲੋੜੀਆਂ ਖਾਦਾਂ ਤੇ ਹੋਰ ਤੱਤਾਂ ਨੂੰ ਜ਼ਮੀਨ ਵਿੱਚ ਪਾਉਣ ਤੋਂ ਬਚਾਅ ਹੋ ਜਾਂਦਾ ਹੈ । ਇਸ ਤਰ੍ਹਾਂ ਕਰਨ ਨਾਲ ਇੱਕ ਤਾਂ ਪੈਸੇ ਦੀ ਬਚਤ ਹੁੰਦੀ ਹੈ ਦੂਸਰੀ ਜ਼ਮੀਨ ਦੀ ਸਿਹਤ ਵੀ ਬਣੀ ਰਹਿੰਦੀ ਹੈ । ਕਈ ਵਾਰ ਜ਼ਮੀਨ ਵਿੱਚ ਛੋਟੇ-ਵੱਡੇ ਅਜਿਹੇ ਤੱਤ ਹੁੰਦੇ ਹਨ । ਜਿਨ੍ਹਾਂ ਨੂੰ ਕਈ-ਕਈ ਸਾਲ ਤੱਕ ਪਾਉਣ ਦੀ ਜ਼ਰੂਰਤ ਹੀ ਨਹੀਂ ਹੁੰਦੀ ਪਰ ਅਸੀਂ ਬਿਨਾਂ ਜ਼ਰੂਰਤ ਤੋਂ ਹਰ ਸਾਲ ਦੁਕਾਨਦਾਰ ਦੇ ਕਹਿਣ ਤੇ ਪਾ ਦਿੰਦੇ ਹਾਂ । ਇਸੇ ਤਰ੍ਹਾਂ ਹੀ ਖਾਦਾਂ ਦੀ ਗੱਲ ਆਉਂਦੀ ਹੈ । ਕਈ ਵਾਰ ਝੋਨੇ ਤੋਂ ਬਾਅਦ ਕਣਕ ਜਾਂ ਕਣਕ ਤੋਂ ਬਾਅਦ ਝੋਨੇ ਦੀ ਫ਼ਸਲ ਵਿੱਚ ਖਾਦਾਂ ਦੀ ਜ਼ਰੂਰਤ ਨਹੀਂ ਹੁੰਦੀ । ਜਿਹੜੀਆਂ ਜ਼ਮੀਨਾਂ ਵਿੱਚ ਫਲੀਆਂ ਵਾਲੀਆਂ ਜਾਂ ਬਰਸੀਮ ਬਗ਼ੈਰਾ ਦੀ ਬਿਜਾਈ ਕੀਤੀ ਜਾਂਦੀ ਹੈ, ਉੱਥੇ ਨਾਈਟ੍ਰੋਜਨ ਦੀ ਬਹੁਤ ਘੱਟ ਜ਼ਰੂਰਤ ਪੈਂਦੀ ਹੈ । ਖੇਤ ਦੀ ਮਿੱਟੀ ਪਰਖ ਕਰਵਾਉਣ ਸਮੇਂ ਕਦੇ ਵੀ ਖੇਤ ਦੀਆਂ ਵੱਟਾਂ ਕੋਲੋਂ ਮਿੱਟੀ ਦੇ ਨਮੂਨੇ ਨਾ ਭਰੋ ਕਿਉਂਕਿ ਵੱਟਾਂ ਕੋਲ ਪਸ਼ੂਆਂ ਦੀ ਚਰਾਂਦ ਹੋਣ ਕਰਕੇ ਖਾਦ ਬਗ਼ੈਰਾ ਪਈ ਰਹਿੰਦੀ ਹੈ । ਮਿੱਟੀ ਪਰਖ ਦੇ ਮੁਤਾਬਿਕ ਖਾਦਾਂ ਅਤੇ ਹੋਰ ਲੋੜੀਂਦੇ ਤੱਤਾਂ ਦੀ ਵਰਤੋਂ ਕਰੋ ।



### ਬੀਜ ਰੱਖਣਾ

ਦੇਸ਼ ਦਾ ਜ਼ਿਆਦਾਤਰ ਕਿਸਾਨ ਹਰ ਫ਼ਸਲ, ਫੁੱਲ, ਸਬਜ਼ੀਆਂ ਆਦਿ ਦੇ ਬੀਜ ਲੈਣ ਲਈ ਕੰਪਨੀਆਂ 'ਤੇ ਨਿਰਭਰ ਹੋ ਚੁੱਕਿਆ ਹੈ । ਜਦੋਂਕਿ ਕਿਸਾਨ ਘਰੇਲੂ ਪੱਧਰ 'ਤੇ ਆਪਣੀ ਫ਼ਸਲ ਦਾ ਬੀਜ ਰੱਖ ਸਕਦੇ ਹਨ । ਜਦੋਂ ਬਾਜ਼ਾਰ ਵਿੱਚ ਬੀਜ ਕੰਪਨੀਆਂ ਦਾ ਕਬਜ਼ਾ ਨਹੀਂ ਸੀ ਉਸ ਵੇਲੇ ਕਿਸਾਨ ਹਰ ਫ਼ਸਲ ਦਾ ਬੀਜ ਆਪ ਰੱਖਦੇ ਸਨ । ਬੀਜ ਕੰਪਨੀਆਂ ਕੋਲੋਂ ਖਰੀਦਿਆ ਗਿਆ ਬੀਜ ਵੀ ਕਿਸਾਨ ਦੇ ਖੇਤ ਵਿੱਚੋਂ ਹੀ ਪੈਦਾ ਹੋ ਕੇ ਆਉਂਦਾ ਹੈ । ਕੰਪਨੀਆਂ ਵੱਲੋਂ ਦਿੱਤਾ ਜਾਂਦਾ ਬੀਜ ਮਸ਼ੀਨਾਂ ਰਾਹੀਂ ਗਰੇਡ ਕੀਤਾ ਜਾਂਦਾ ਹੈ । ਤਿੰਨ ਜਾਂ ਚਾਰ ਨੰਬਰ ਵਾਲੀ ਮਸ਼ੀਨ ਦੇ ਬੀਜ ਦੀ ਪੈਕਿੰਗ ਕਰ ਦਿੱਤੀ ਜਾਂਦੀ ਹੈ । ਕਿਸਾਨ ਫ਼ਸਲ ਵਾਲਾ ਖੇਤ ਚੁਣ ਕੇ ਉਸ ਦਾ ਬੀਜ ਰੱਖ ਸਕਦੇ ਹਨ । ਕਣਕ ਦੀ ਜਾਂ ਹੋਰ ਕਿਸੇ ਵੀ ਫ਼ਸਲ ਲਈ ਜ਼ਿਆਦਾ ਜਾਣਕਾਰੀ ਲੈਣ ਲਈ ਖੇਤੀ ਮਾਹਿਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ ।

### ਨਦੀਨਾਂ ਦੀ ਮਾਰ ਤੇ ਰੋਕਥਾਮ



ਕਣਕ ਦੀ ਫ਼ਸਲ ਵਿੱਚ ਨਦੀਨ ਬਹੁਤ ਵੱਡੀ ਗਿਣਤੀ ਵਿੱਚ ਹੋ ਜਾਂਦੇ ਹਨ । ਜਿਨ੍ਹਾਂ ਵਿੱਚ ਗੁੱਲੀ ਡੰਡਾ, ਚੌੜੇ ਪੱਤਿਆਂ ਵਾਲਾ ਪਾਲਕ, ਖੰਡਾ, ਬੂਈ ਵਰਗੇ ਨਦੀਨ ਸ਼ਾਮਲ ਹਨ । ਇਨ੍ਹਾਂ ਨਦੀਨਾਂ ਦੀ ਰੋਕਥਾਮ ਲਈ ਵੱਖ-ਵੱਖ ਕੰਪਨੀਆਂ ਵੱਲੋਂ ਤਿਆਰ ਕੀਤੀਆਂ ਦਵਾਈਆਂ ਮਿਲਦੀਆਂ ਹਨ ਪਰ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਕੀੜੇ ਮਾਰ ਦਵਾਈਆਂ ਵੇਚਣ ਵਾਲੇ ਦੁਕਾਨਦਾਰ ਦੇ ਕਹਿਣ ਮੁਤਾਬਿਕ ਦਵਾਈ ਦਾ ਛਿੜਕਾਅ ਨਾ ਕਰਨ ਕਿਉਂਕਿ ਜ਼ਿਆਦਾਤਰ ਦੁਕਾਨਦਾਰ ਕੰਪਨੀਆਂ ਵੱਲੋਂ ਵੱਧ ਮੁਨਾਫ਼ਾ ਦੇਣ ਵਾਲੇ ਉਤਪਾਦ ਵੇਚਦੇ ਹਨ ।

# ਵਿਕਾਸ ਅਤੇ ਖੇਤੀ ਹੇਠ ਘੱਟ ਰਹੀ ਜ਼ਮੀਨ

ਗੁਰਪ੍ਰੀਤ
ਮੋ. 95698-20314

ਪੰਜਾਬ ਸਮੇਤ ਭਾਰਤ ਦੇ ਕਈ ਸੂਬਿਆਂ ਅਤੇ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਇਸ ਵੇਲੇ ਹੜ੍ਹ ਆਏ ਹੋਏ ਹਨ। ਹੜ੍ਹ ਕਾਰਨ ਜਿੱਥੇ ਕਿਸਾਨਾਂ ਦੀ ਲੱਖਾਂ ਏਕੜ ਫ਼ਸਲ ਨੁਕਸਾਨੀ ਗਈ ਹੈ, ਉੱਥੇ ਜ਼ਮੀਨ ਬਰਬਾਦ ਵੀ ਹੋ ਗਈ ਹੈ। ਕਈ ਥਾਵਾਂ 'ਤੇ ਤਾਂ ਵੱਡੀਆਂ-ਵੱਡੀਆਂ ਇਮਾਰਤਾਂ ਢਹਿ ਚੁੱਕੀਆਂ ਹਨ। ਜਿਹੜੇ ਮੁਲਕਾਂ ਨੂੰ ਅਸੀਂ ਵਿਕਾਸਸ਼ੀਲ ਅਤੇ ਵਿਕਸਿਤ ਮੰਨਦੇ ਹਾਂ, ਉਨ੍ਹਾਂ ਦੀ ਹਾਲਤ ਇਸ ਵੇਲੇ ਡਾਵਾਂਡੋਲ ਹੈ। ਮੰਨਿਆ ਜਾਂਦਾ ਸੀ ਕਿ ਜਿਨ੍ਹਾਂ ਲੋਕਾਂ ਕੋਲ ਬਹੁਤ ਪੈਸਾ ਹੈ, ਸਭ ਕੁਝ ਕਰ ਸਕਦੇ ਹਨ, ਪਰ ਪੈਸਾ ਸਭ ਕੁਝ ਨਹੀਂ ਹੁੰਦਾ, ਕੁਦਰਤ ਵੀ ਬਹੁਤ ਕੁਝ ਹੁੰਦੀ ਹੈ। ਕੁਦਰਤ ਦਾ ਦਿੱਤਾ ਖ਼ਜ਼ਾਨਾ- ਹਵਾ, ਪਾਣੀ ਆਦਿ ਸਭ ਕੁਝ ਨੂੰ ਮਨੁੱਖ ਨੇ ਕਬਜ਼ੇ ਵਿੱਚ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਉਂ ਸਗੋਂ ਮਨੁੱਖ ਦਾ ਨੁਕਸਾਨ ਹੋਇਆ ਹੈ।

ਭਾਰਤ ਸਮੇਤ ਦੁਨੀਆ ਦੇ ਅਣਗਿਣਤ ਦੇਸ਼ਾਂ ਵਿੱਚ ਇਸ ਵੇਲੇ ਜ਼ਮੀਨੀ ਰਕਬਾ ਘੱਟ ਰਿਹਾ ਹੈ ਅਤੇ ਪਾਣੀ ਦਾ ਖੇਤਰ ਵੱਧ ਰਿਹਾ ਹੈ। ਕਈ ਕਾਰਨਾਂ ਕਰ ਕੇ ਇਸ ਵੇਲੇ ਖੇਤੀ ਜਿੱਥੇ ਘਾਟੇ ਦਾ ਸੌਦਾ ਮੰਨੀ ਜਾ ਰਹੀ ਹੈ, ਕਿਸਾਨਾਂ ਨੂੰ ਫ਼ਸਲਾਂ ਦੇ ਪੂਰੇ ਭਾਅ ਨਹੀਂ ਮਿਲ ਰਹੇ, ਸਰਕਾਰਾਂ ਦੀ ਪਹੁੰਚ ਕਾਰਨ ਕਿਸਾਨ ਪ੍ਰੇਸ਼ਾਨ ਹਨ। ਦੁਨੀਆ ਭਰ ਵਿੱਚ ਹਰ ਸਾਲ ਲੱਖਾਂ ਕਿਸਾਨ ਖੇਤੀ ਤਿਆਗ ਰਹੇ ਹਨ, ਕਈ ਥਾਵਾਂ 'ਤੇ ਤਾਂ ਸਰਕਾਰਾਂ ਖ਼ੁਦ ਜ਼ਮੀਨਾਂ ਐਕਵਾਇਰ ਕਰ ਰਹੀਆਂ ਹਨ ਤਾਂ ਜੋ ਉੱਥੇ ਵੱਡੀਆਂ-ਵੱਡੀਆਂ ਇਮਾਰਤਾਂ ਉਸਾਰੀਆਂ ਜਾਣ, ਪਰ ਕੀ ਇਮਾਰਤਾਂ ਉਸਾਰਨ ਨਾਲ ਮਨੁੱਖ ਦੀ ਤਰੱਕੀ ਹੋ ਸਕੇਗੀ।



ਅੱਜ ਦੀ ਪੀੜ੍ਹੀ ਜਿੱਥੇ ਖੇਤੀ ਨਹੀਂ ਕਰਨਾ ਚਾਹੁੰਦੀ, ਉੱਥੇ ਕਾਰਪੋਰੇਟ ਘਰਾਣੇ ਅਤੇ ਸਰਕਾਰਾਂ ਮਿਲ ਕੇ ਹੋਰ ਵਿਉਂਤਾਂ ਬਣਾ ਰਹੇ ਹਨ। ਨੌਜਵਾਨਾਂ ਨੂੰ ਖੇਤੀ ਤੋਂ ਬਾਹਰ ਕਰਨ ਵਾਸਤੇ ਉਨ੍ਹਾਂ ਨੂੰ ਵੱਖ-ਵੱਖ ਤੌਰ-ਤਰੀਕੇ ਦੱਸੇ ਜਾ ਰਹੇ ਹਨ, ਜਿਸ ਦਾ ਸਿੱਧਾ ਅਸਰ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਹੀ ਪੈ ਰਿਹਾ ਹੈ। ਦੁਨੀਆ ਭਰ ਵਿੱਚ ਖੇਤ ਸੁੰਗੜ ਰਹੇ ਹਨ ਅਤੇ ਕਿਸਾਨ ਬੁੱਢੇ ਹੋ ਰਹੇ ਹਨ। ਵਿਸ਼ਵ ਪੱਧਰ 'ਤੇ ਕਿਸਾਨਾਂ ਦੀ ਔਸਤ ਉਮਰ 55 ਸਾਲ ਹੈ, ਜੋ ਕੰਮ ਕਰਨ ਵਾਲੀ ਆਬਾਦੀ ਦੀ ਸੇਵਾਮੁਕਤੀ ਦੀ ਉਮਰ ਦੇ ਨੇੜੇ ਹੈ। ਇਸ ਦੇ ਨਾਲ ਹੀ ਨੌਜਵਾਨਾਂ ਅੰਦਰ ਖੇਤੀ ਨੂੰ ਪੇਸ਼ੇ ਵਜੋਂ ਅਪਣਾਉਣ ਦੀ ਦਿਲਚਸਪੀ ਘੱਟ ਰਹੀ ਹੈ। ਕੌਮਾਂਤਰੀ ਕਿਰਤ ਸੰਸਥਾ (ILO) ਦੇ ਅੰਕੜਿਆਂ ਅਨੁਸਾਰ, 1991 ਵਿੱਚ ਖੇਤੀਬਾੜੀ ਖੇਤਰ ਦੁਨੀਆਂ ਭਰ ਵਿੱਚ ਕੁੱਲ ਰੁਜ਼ਗਾਰ ਦਾ ਲਗਭਗ 43 ਪ੍ਰਤੀਸ਼ਤ ਸੀ, 2023 ਵਿੱਚ ਇਹ 26 ਪ੍ਰਤੀਸ਼ਤ ਰਹਿ ਗਿਆ।

ਜੇ ਕਿਸਾਨ ਖੇਤੀ ਛੱਡ ਦੇਵੇਗਾ ਤਾਂ ਦੇਸ਼ ਖਾਵੇਗਾ ਕਿੱਥੋਂ ? 'ਡਾਊਨ ਟੂ ਅਰਥ' ਵਿੱਚ ਛਪੀ ਰਿਪੋਰਟ ਕਹਿੰਦੀ ਹੈ ਕਿ ਇਸ ਸਦੀ ਦੇ ਅੰਤ ਤੱਕ ਵੱਡੀ ਪੱਧਰ 'ਤੇ ਖੇਤ ਉੱਜੜ ਜਾਣਗੇ। ਮਨੁੱਖ ਦਾ ਸ਼ਹਿਰਾਂ ਵੱਲ ਰੁੱਖ ਕਰਨਾ ਅਤੇ ਵੱਡੀਆਂ-ਵੱਡੀਆਂ ਇਮਾਰਤਾਂ ਉਸਾਰਨਾ ਜਿੱਥੇ ਮਨੁੱਖ ਲਈ ਹੀ ਖ਼ਤਰਾ ਬਣ ਚੁੱਕਿਆ ਹੈ, ਉੱਥੇ ਹਵਾ, ਪਾਣੀ ਤੇ ਧਰਤੀ ਨਾਲ ਵੀ ਖਿਲਵਾੜ ਹੋ ਰਿਹਾ ਹੈ। ਖੇਤੀ ਸਿੱਧੇ ਤੌਰ 'ਤੇ ਜਲਵਾਯੂ ਨਾਲ ਜੁੜੀ ਹੋਈ ਹੈ ਅਤੇ ਜਲਵਾਯੂ ਤਬਦੀਲੀ ਨੇ ਫ਼ਸਲੀ ਚੱਕਰ ਵਿਗਾੜ ਦਿੱਤਾ ਹੈ। ਅਜਿਹੇ ਸਮੇਂ ਜਦੋਂ ਆਬਾਦੀ ਵਧੇ ਅਤੇ ਖਪਤ ਕਾਰਨ ਭੋਜਨ ਦੀ ਮੰਗ ਵੱਧ ਰਹੀ ਹੈ, ਖੇਤੀ ਦੀਆਂ ਆਪਣੀਆਂ ਸੀਮਾਵਾਂ ਹਨ। ਇਹ ਕਿਰਤ ਆਧਾਰਿਤ ਕੰਮ ਹੈ, ਜਿਸ ਨੂੰ ਅੱਜ ਦੀ ਵੱਡੀ ਗਿਣਤੀ ਨੌਜਵਾਨ ਪੀੜ੍ਹੀ ਅਪਣਾਉਣਾ ਨਹੀਂ ਚਾਹੁੰਦੀ। ਇਉਂ ਭੋਜਨ ਉਤਪਾਦਨ ਦਾ ਇਹ ਪੇਸ਼ਾ ਬੇਮਿਸਾਲ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਸੰਕਟ ਦੇ ਕੇਂਦਰ ਵਿੱਚ ਜ਼ਮੀਨ ਦੀ ਉਪਲਬਧਤਾ ਮੁੱਖ ਹੈ। ਇੱਕ ਸਵਾਲ ਤਾਂ ਇਹ ਹੈ : ਕੀ ਸਾਡੇ ਕੋਲ ਖੇਤੀ ਲਈ ਕਾਫ਼ੀ ਜ਼ਮੀਨ ਹੈ ? ਜਾਂ ਕੀ ਸਾਨੂੰ ਵਧਦੀ ਭੋਜਨ ਮੰਗ ਨੂੰ ਦੇਖਦੇ ਹੋਏ ਖੇਤਾਂ ਦੀ ਲੋੜ ਹੈ ? ਅੱਜ ਧਰਤੀ ਦੇ ਲਗਭਗ ਇੱਕ ਤਿਹਾਈ ਹਿੱਸੇ ਦੀ ਵਰਤੋਂ ਖੇਤੀਬਾੜੀ ਲਈ ਕੀਤੀ ਜਾਂਦੀ ਹੈ ਅਤੇ ਇਹ ਵਿਸਥਾਰ ਹਜ਼ਾਰਾਂ ਸਾਲਾਂ ਵਿੱਚ ਹੋਇਆ ਹੈ। 'ਆਵਰ ਵਰਲਡ ਇਨ ਡੇਟਾ' ਵਿੱਚ ਵਿਗਿਆਨ ਆਊਟਰੀਚ ਦੀ ਡਿਪਟੀ ਐਡੀਟਰ ਤੇ ਮੁਖੀ ਹੰਨਾਹ ਰਿਚੀ ਨੇ ਵਿਸ਼ਵ ਖੇਤੀਬਾੜੀ ਜ਼ਮੀਨ ਨਾਲ ਸੰਬੰਧਿਤ ਡੇਟਾ ਦਾ ਵਿਸ਼ਲੇਸ਼ਣ ਕੀਤਾ ਹੈ। ਉਹ ਕਹਿੰਦੀ ਹੈ, ''ਖੇਤੀ ਜ਼ਮੀਨ ਦਾ ਵਿਸਥਾਰ ਹੁਣ ਹੌਲੀ-ਹੌਲੀ ਖ਼ਤਮ ਹੋ ਰਿਹਾ ਹੈ। ਹਾਲ ਹੀ ਦੇ ਸਾਲਾਂ ਵਿੱਚ ਵਿਸ਼ਵ ਭਰ ਵਿੱਚ ਖੇਤੀਬਾੜੀ ਜ਼ਮੀਨ ਦੀ ਵਰਤੋਂ ਘਟਣੀ ਸ਼ੁਰੂ ਹੋ ਗਈ ਹੈ।''

ਅਜਿਹੇ ਹਾਲਾਤ ਵਿੱਚ ਦੁਨੀਆ ਦੀ ਖੇਤੀਬਾੜੀ ਦਾ ਭਵਿੱਖ ਕੀ ਹੋਵੇਗਾ ? ਦੁਨੀਆ ਵਿੱਚ ਕੁੱਲ ਖੇਤਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਭਵਿੱਖ ਬਾਰੇ ਅੰਕੜਿਆਂ ਦੀ ਘਾਟ ਹੈ। ਭਾਰਤ ਦੀ 2011 ਦੀ ਜਨਗਣਨਾ ਅਨੁਸਾਰ, ਔਸਤਨ ਹਰ ਰੋਜ਼ ਲਗਭਗ 2000 ਕਿਸਾਨ ਖੇਤੀਬਾੜੀ ਛੱਡ ਰਹੇ ਹਨ। ਵਿਸ਼ਵ ਕਿਸਾਨ ਸੰਗਠਨ ਦੀ ਚਿਤਾਵਨੀ ਹੈ, ''ਬਹੁਤ ਸਾਰੇ ਲੋਕ ਜਲਦੀ ਹੀ ਆਪਣੀਆਂ ਨੌਕਰੀਆਂ ਗੁਆ ਦੇਣਗੇ ਜਾਂ ਬੇਰੁਜ਼ਗਾਰ ਹੋ ਜਾਣਗੇ।'' ਅਮਰੀਕਾ ਦੀ ਕੋਲੋਰਾਡੋ ਯੂਨੀਵਰਸਿਟੀ ਦੀ ਬੈਟਰ ਪਲੈਨੇਟ ਲੈਬਾਰਟਰੀ ਦੇ ਜ਼ਿਆ ਮਹਿਰਾਬੀ ਨੇ ਪਹਿਲੀ ਵਾਰ ਇਸ ਦਿਸ਼ਾ ਵਿੱਚ ਗਣਨਾ ਕੀਤੀ ਹੈ। ਉਨ੍ਹਾਂ 1900 ਤੋਂ 2100 ਤੱਕ ਹਰ ਸਾਲ ਖੇਤਾਂ ਦੀ ਗਿਣਤੀ ਅਤੇ ਉਨ੍ਹਾਂ ਦੇ ਆਕਾਰ ਦਾ ਅਨੁਮਾਨ ਲਗਾਇਆ ਹੈ। ਉਹ ਖੇਤੀ ਜ਼ਮੀਨ ਦੀ ਗਿਣਤੀ ਘਟਣ ਦਾ ਕਾਰਨ ਦੱਸਦੇ ਹਨ, ''ਜਿਵੇਂ-ਜਿਵੇਂ ਕਿਸੇ ਦੇਸ਼ ਦੀ ਆਰਥਿਕਤਾ ਵਧਦੀ ਹੈ, ਲੋਕ ਸ਼ਹਿਰਾਂ ਵੱਲ ਪਰਵਾਸ ਕਰਦੇ ਹਨ, ਜਿਸ ਨਾਲ ਪੇਂਡੂ ਖੇਤਰਾਂ ਵਿੱਚ ਖੇਤੀ ਲਈ ਘੱਟ ਲੋਕ ਰਹਿ ਜਾਂਦੇ ਹਨ।'' ਘੱਟ ਆਮਦਨ ਵਾਲੇ ਦੇਸ਼ਾਂ ਵਿੱਚ ਖੇਤੀ ਜ਼ਮੀਨ ਦੀ ਗਿਣਤੀ 2070 ਤੱਕ ਵਧੇਗੀ, ਜਿਸ ਤੋਂ ਬਾਅਦ ਇਹ ਘਟਣੀ ਸ਼ੁਰੂ ਹੋ ਜਾਵੇਗੀ, ਹਾਲਾਂਕਿ ਇਸ ਸਮੇਂ ਦੌਰਾਨ ਖੇਤਾਂ ਦਾ ਔਸਤ ਆਕਾਰ ਦੁੱਗਣਾ ਹੋ ਜਾਵੇਗਾ।

ਦੇਖਿਆ ਜਾਵੇ ਤਾਂ ਇਹ ਰਿਪੋਰਟਾਂ ਖ਼ਤਰਨਾਕ ਹਨ। ਵਿਸ਼ਵ ਮੀਡੀਆ ਦੀਆਂ ਇਨ੍ਹਾਂ ਰਿਪੋਰਟਾਂ ਨੂੰ ਜਦੋਂ ਪੜ੍ਹੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਆਖ਼ਿਰ ਅਗਲੀਆਂ ਪੀੜ੍ਹੀਆਂ ਦਾ ਬਣੇਗਾ ਕੀ ? ਜਿਸ ਤਰੀਕੇ ਨਾਲ ਮਨੁੱਖ ਤਰੱਕੀ ਤੇ ਵਿਕਾਸ ਦੇ ਨਾਂ 'ਤੇ ਪੌਣ, ਪਾਣੀ ਆਦਿ ਸਭ ਨਾਲ ਖਿਲਵਾੜ ਕਰ ਰਿਹਾ ਹੈ, ਰੁੱਖਾਂ ਦਾ ਵਢਾਂਗਾ ਕਰ ਰਿਹਾ ਹੈ, ਉਸ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਮਨੁੱਖ ਆਪਣੀਆਂ ਪੀੜ੍ਹੀਆਂ ਬਾਰੇ ਸੋਚ ਹੀ ਨਹੀਂ ਰਿਹਾ। ਸਰਕਾਰਾਂ ਵੀ ਤਮਾਸ਼ਾ ਦੇਖ ਰਹੀਆਂ ਹਨ। ਸਰਕਾਰਾਂ ਸਗੋਂ ਕਾਰਪੋਰੇਟ ਘਰਾਣਿਆਂ ਨੂੰ ਕਿਸਾਨਾਂ ਦੀਆਂ ਜ਼ਮੀਨਾਂ ਸੌਂਪ ਰਹੀਆਂ ਹਨ। ਵੱਡੇ-ਵੱਡੇ ਕਾਰਖਾਨੇ, ਫੈਕਟਰੀਆਂ, ਸੁਸਾਇਟੀਆਂ ਤੇ ਕਾਲੋਨੀਆਂ, ਨਵੇਂ ਸ਼ਹਿਰ ਉਸਾਰਨ ਦੀ ਚਰਚਾ ਜ਼ੋਰਾਂ 'ਤੇ ਹੈ। ਪੰਜਾਬ ਸਮੇਤ ਦੇਸ਼ ਦੇ ਬਹੁਗਿਣਤੀ ਪੇਂਡੂ ਖੇਤਰਾਂ ਵਿੱਚ ਜ਼ਮੀਨਾਂ ਦਾ ਉਜਾੜਾ ਕਰ ਕੇ ਉੱਥੇ ਇਮਾਰਤਾਂ ਉਸਾਰਨ ਦੀਆਂ ਚਰਚਾਵਾਂ ਹਨ। ਉਂਜ, ਜਿਸ ਹਿਸਾਬ ਨਾਲ ਮਨੁੱਖ ਵਿਕਾਸ ਦੇ ਨਾਂ 'ਤੇ ਪਹਾੜ, ਜ਼ਮੀਨ, ਪਾਣੀ ਆਦਿ ਤਬਾਹ ਕਰ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਆਉਣ ਵਾਲਾ ਸਮਾਂ ਖ਼ਤਰਨਾਕ ਹੋਵੇਗਾ। ਮਨੁੱਖ ਰੋਟੀ ਨੂੰ ਵੀ ਤਰਸੇਗਾ, ਇਸ ਦਾ ਮੁੱਖ ਕਾਰਨ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ ਅਤੇ ਸਰਕਾਰਾਂ ਇਹ ਪਾਣੀ ਬਚਾਉਣ ਲਈ ਕੋਈ ਯਤਨ ਵੀ ਨਹੀਂ ਕਰ ਰਹੀਆਂ। ਅਗਲੀਆਂ ਪੀੜ੍ਹੀਆਂ ਲਾਹਨਤਾਂ ਪਾਉਣਗੀਆਂ ਕਿ ਅਸੀਂ ਉਨ੍ਹਾਂ ਲਈ ਕੀ ਕਰ ਕੇ ਗਏ ਹਾਂ ?

ਪਹਾੜ ਤੇਜ਼ੀ ਨਾਲ ਕੱਟੇ ਜਾ ਰਹੇ ਹਨ। ਧਾਰਮਿਕ ਯਾਤਰਾਵਾਂ ਲਈ ਪਹਾੜਾਂ ਵਿੱਚ ਚਾਰ-ਮਾਰਗੀ ਸੜਕਾਂ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਜ਼ਰੂਰਤ ਹੀ ਨਹੀਂ। ਪਹਾੜਾਂ ਦੀ ਖ਼ੂਬਸੂਰਤੀ ਤਾਂ ਸਿੰਗਲ ਲੇਨ ਤੋਂ ਹੀ ਚੰਗੀ ਲੱਗਦੀ ਹੈ, ਪਰ ਕੁਝ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਵਾਸਤੇ ਸਰਕਾਰਾਂ ਜਿਸ ਤਰੀਕੇ ਨਾਲ ਕੁਦਰਤ ਨਾਲ ਖਿਲਵਾੜ ਕਰ ਰਹੀਆਂ ਹਨ, ਕੁਦਰਤ ਵੀ ਆਫ਼ਤਾਂ ਦੇ ਰੂਪ ਵਿੱਚ ਤਬਾਹੀ ਮਚਾ ਰਹੀ ਹੈ। ਬਹੁਤ ਥਾਵਾਂ 'ਤੇ ਬੱਦਲ ਫਟ ਰਹੇ ਹਨ, ਹੜ੍ਹ ਆ ਰਹੇ ਹਨ, ਲੋਕ ਮਰ ਰਹੇ ਹਨ, ਸਰਕਾਰਾਂ ਮੁਆਵਜ਼ਾ ਦੇ ਰਹੀਆਂ ਹਨ ਅਤੇ ਅਸੀਂ ਸਭ ਲੋਕ ਤਮਾਸ਼ਾ ਦੇਖ ਰਹੇ ਹਾਂ, ਕਿਉਂਕਿ ਅਸੀਂ ਜਿਹੜੀਆਂ ਸਰਕਾਰਾਂ ਚੁਣੀਆਂ ਹਨ, ਉਹ ਗਲਤ ਫ਼ੈਸਲੇ ਕਰ ਰਹੀਆਂ ਹਨ ਅਤੇ ਵਿਕਾਸ ਦੇ ਨਾਂ 'ਤੇ ਕੁਦਰਤ ਤਬਾਹ ਕਰ ਰਹੀਆਂ ਹਨ। ਪਹਾੜਾਂ ਅਤੇ ਰੁੱਖਾਂ ਦੀ ਕਟਾਈ ਕਾਰਨ ਧਰਤੀ ਉੱਤੇ ਗਰਮੀ ਵੱਧ ਰਹੀ ਹੈ ਅਤੇ ਮੌਸਮ ਵਿੱਚ ਵੱਡੇ ਪੱਧਰ 'ਤੇ ਤਬਦੀਲੀ ਆ ਰਹੀ ਹੈ। ਜੇਕਰ ਸਾਰਾ ਕੁਝ ਇਵੇਂ ਹੀ ਚੱਲਦਾ ਰਿਹਾ ਤਾਂ ਮਨੁੱਖ ਜਲਦੀ ਹੀ ਇਸ ਧਰਤੀ ਤੋਂ ਖ਼ਤਮ ਹੋ ਜਾਵੇਗਾ। ਜੇ ਹੁਣ ਵੀ ਕੁਦਰਤੀ ਸਾਧਨਾਂ ਦਾ ਉਜਾੜਾ ਰੋਕਿਆ ਨਾ ਗਿਆ ਤਾਂ ਇਸ ਦਾ ਖ਼ਮਿਆਜ਼ਾ ਆਉਣ ਵਾਲੇ ਸਮੇਂ ਵਿੱਚ ਮਨੁੱਖ ਨੂੰ ਭੁਗਤਣਾ ਪਵੇਗਾ। ਸੋ ਦੇਖਦੇ ਹਾਂ ਕਿ ਆਉਣ ਵਾਲੇ ਸਮੇਂ ਦੌਰਾਨ ਸਰਕਾਰਾਂ ਕੀ ਫ਼ੈਸਲੇ ਕਰਦੀਆਂ ਹਨ। ਅਦਾਲਤਾਂ ਨੂੰ ਵੀ ਚਾਹੀਦਾ ਹੈ ਕਿ ਕੁਦਰਤੀ ਸਾਧਨਾਂ ਦਾ ਉਜਾੜਾ ਰੋਕਣ ਲਈ ਕੁੱਝ ਕੀਤਾ ਜਾਵੇ, ਕਿਸਾਨਾਂ ਤੋਂ ਜ਼ਮੀਨਾਂ ਖੋਹਣ 'ਤੇ ਰੋਕ ਲਗਾਈ ਜਾਵੇ, ਕਿਉਂਕਿ ਜੇ ਸ਼ਹਿਰੀਕਰਨ ਅਤੇ ਵਿਕਾਸ ਦੇ ਨਾਂ 'ਤੇ ਜ਼ਮੀਨਾਂ ਉੱਤੇ ਵੱਡੀਆਂ ਇਮਾਰਤਾਂ ਉਸਾਰ ਦਿੱਤੀਆਂ ਗਈਆਂ ਤਾਂ ਮਨੁੱਖ ਭੁੱਖਾ ਹੀ ਮਰੇਗਾ।

# ਕਿਸਾਨਾਂ ਦੀ ਭਲਾਈ ਹੀ ਰਾਸ਼ਟਰੀ ਖੁਸ਼ਹਾਲੀ ਦਾ ਆਧਾਰ ਹੈ

ਭਾਰਤ ਦੀ ਆਰਥਿਕਤਾ ਦੀ ਤਾਕਤ ਇਸ ਦੇ ਅੰਨਦਾਤਿਆਂ, ਸਾਡੇ ਕਿਸਾਨਾਂ ਦੀ ਸਜੀਵਤਾ ਅਤੇ ਦ੍ਰਿੜ੍ਹ ਸੰਕਲਪ ਵਿੱਚ ਹੈ। ਇਹ ਅੰਨਦਾਤਾ ਨਾ ਸਿਰਫ਼ ਦੇਸ਼ ਨੂੰ ਭੋਜਨ ਦਿੰਦੇ ਹਨ ਬਲਕਿ ਇਸਦੀ ਆਰਥਿਕਤਾ, ਸੱਭਿਆਚਾਰ ਅਤੇ ਭਵਿੱਖ ਦੀ ਰੱਖਿਆ ਵੀ ਕਰਦੇ ਹਨ। ਇਸ ਤੱਥ ਨੂੰ ਪਛਾਣਦੇ ਹੋਏ ਭਾਰਤ ਨੇ ਲਗਾਤਾਰ ਕਿਸਾਨਾਂ ਨੂੰ ਆਪਣੀ ਵਿਕਾਸ ਯਾਤਰਾ ਦੇ ਕੇਂਦਰ ਵਿੱਚ ਰੱਖਿਆ ਹੈ। ਪਿਛਲੇ ਦਹਾਕੇ ਦੌਰਾਨ, ਕਿਸਾਨਾਂ ਨੂੰ ਵੱਖ-ਵੱਖ ਨੀਤੀਆਂ, ਪ੍ਰੋਗਰਾਮਾਂ ਅਤੇ ਸੰਸਥਾਗਤ ਵਿਧੀਆਂ ਰਾਹੀਂ ਬੇਮਿਸਾਲ ਸਮਰੱਥਨ ਮਿਲਿਆ ਹੈ। ਇਹ ਸਮਰੱਥਨ ਬੀਜ ਤੋਂ ਲੈ ਕੇ ਬਾਜ਼ਾਰ ਤੱਕ ਪੂਰੀ ਲੜੀ ਵਿੱਚ ਫੈਲਿਆ ਹੋਇਆ ਹੈ। ਸੁਧਾਰਾਂ ਅਤੇ ਨਿਵੇਸ਼ਾਂ ਦੁਆਰਾ ਪ੍ਰੇਰਿਤ, ਇਸ ਦਹਾਕੇ ਨੇ ਭਾਰਤੀ ਖੇਤੀਬਾੜੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ।



ਇਸ ਪਰਿਵਰਤਨ ਨੇ ਉਤਪਾਦਕਤਾ ਅਤੇ ਖੁਸ਼ਹਾਲੀ ਵਿੱਚ ਵਾਧਾ ਕੀਤਾ ਹੈ।

### ਖੇਤੀਬਾੜੀ ਵਿੱਚ ਵਿਕਾਸ ਦੀ ਰਫ਼ਤਾਰ

ਵਿਕਾਸ ਦਾ ਸਭ ਤੋਂ ਵੱਧ ਪ੍ਰਤੱਖ ਲਾਭ ਲਾਹੇਵੰਦ ਕੀਮਤਾਂ ਤੋਂ ਮਿਲਿਆ ਹੈ। 2018 ਵਿੱਚ ਭਾਰਤ ਸਰਕਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕਿਸਾਨਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਸਵੀਕਾਰ ਕੀਤਾ ਅਤੇ ਇੱਕ ਨਵਾਂ ਘੱਟੋ-ਘੱਟ ਸਮਰੱਥਨ ਮੁੱਲ (ਐਮ. ਐਸ. ਪੀ.) ਫਾਰਮੂਲਾ ਪੇਸ਼ ਕੀਤਾ। ਇਸ ਫਾਰਮੂਲੇ ਨੇ ਲਾਗਤ ਤੋਂ ਘੱਟੋ-ਘੱਟ 50 ਫ਼ੀਸਦੀ ਦੇ ਮੁਨਾਫ਼ੇ ਨੂੰ ਯਕੀਨੀ ਬਣਾਇਆ। ਇਸ ਤੋਂ ਇਲਾਵਾ, ਖ਼ਰੀਦ ਪ੍ਰਕਿਰਿਆ ਨੂੰ ਹੋਰ ਫ਼ਸਲਾਂ ਅਤੇ ਰਾਜਾਂ ਤੱਕ ਵਧਾਇਆ ਗਿਆ। ਇਸ ਕਦਮ ਨੇ ਕਿਸਾਨਾਂ ਦਾ ਸਿਸਟਮ ਵਿੱਚ ਵਿਸ਼ਵਾਸ ਵਧਾਇਆ। ਇਨ੍ਹਾਂ ਸਾਰੇ ਉਪਾਵਾਂ ਨੇ ਉਤਪਾਦਕਾਂ ਨੂੰ ਹੁਣ ਤੱਕ ਦਾ ਸਭ ਤੋਂ ਵੱਧ ਮਹੱਤਵਪੂਰਨ ਕੀਮਤ ਪ੍ਰੋਤਸ਼ਾਹਨ ਪ੍ਰਦਾਨ ਕੀਤਾ। ਬਦਲੇ ਵਿੱਚ, ਕਿਸਾਨਾਂ ਨੇ ਉਤਸ਼ਾਹ ਨਾਲ ਜਵਾਬ ਦਿੱਤਾ। ਇਹ ਸ਼ਾਨਦਾਰ ਪ੍ਰਾਪਤੀ ਕਿਸਾਨਾਂ ਦੀ ਸਜੀਵਤਾ ਅਤੇ ਇੱਕ ਸਹਾਇਕ ਨੀਤੀਗਤ ਮਾਹੌਲ ਦੋਵਾਂ ਨੂੰ ਦਰਸਾਉਂਦੀ ਹੈ।

### ਪ੍ਰਤੱਖ ਸਹਾਇਤਾ ਅਤੇ ਵਿੱਤੀ ਸਸ਼ਕਤੀਕਰਨ

ਲਾਹੇਵੰਦ ਕੀਮਤਾਂ ਤੋਂ ਇਲਾਵਾ ਕਿਸਾਨਾਂ ਨੂੰ ਸਿੱਧੀ ਆਮਦਨ ਸਹਾਇਤਾ ਤੋਂ ਵੀ ਲਾਭ ਹੋਇਆ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੇ ਤਹਿਤ, ਇਸ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ 3.9 ਲੱਖ ਕਰੋੜ ਤੋਂ ਵੱਧ ਦੀ ਰਕਮ ਵੰਡੀ ਜਾ ਚੁੱਕੀ ਹੈ। ਅਗਸਤ 2025 ਤੱਕ ਲੱਖਾਂ ਕਿਸਾਨ ਪਰਿਵਾਰਾਂ ਨੂੰ ਲਾਭ ਹੋਇਆ ਹੈ। ਇਸ ਸਿੱਧੇ ਤਬਾਦਲੇ ਨੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਗੁਣਵੱਤਾ ਵਾਲੇ ਖੇਤੀਬਾੜੀ ਸਾਮਾਨ ਖਰੀਦਣ ਅਤੇ ਉਪਜ ਵਿੱਚ ਸੁਧਾਰ ਕਰਨ ਦੇ ਯੋਗ ਬਣਾਇਆ ਹੈ। ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਰਾਹੀਂ ਜੋਖਮ ਘਟਾਉਣ ਦੇ ਢੰਗਾਂ ਨੂੰ ਮਜ਼ਬੂਤ ਕੀਤਾ ਗਿਆ ਹੈ। ਇਸ ਯੋਜਨਾ ਦਾ ਘੇਰਾ 2018-19 ਵਿੱਚ 3.4 ਕਰੋੜ ਕਿਸਾਨਾਂ ਤੋਂ ਵੱਧ ਕੇ 2024-25 ਵਿੱਚ 4.1 ਕਰੋੜ ਕਿਸਾਨਾਂ ਤੱਕ ਪਹੁੰਚ ਗਿਆ ਹੈ। ਇਸ ਨਾਲ ਕੁਦਰਤੀ ਆਫ਼ਤਾਂ ਤੋਂ ਮਹੱਤਵਪੂਰਨ ਸੁਰੱਖਿਆ ਪ੍ਰਦਾਨ ਹੋਈ ਹੈ। ਸੰਸਥਾਗਤ ਕਰਜ਼ੇ ਤੱਕ ਪਹੁੰਚ ਨੇ ਕਿਸਾਨਾਂ ਨੂੰ ਉੱਚ ਵਿਆਜ ਦਰਾਂ 'ਤੇ ਨਿੱਜੀ ਸਰੋਤਾਂ ਤੋਂ ਮਹਿੰਗੇ ਕਰਜ਼ਿਆਂ ਤੋਂ ਮੁਕਤ ਕਰ ਦਿੱਤਾ ਹੈ।

ਕਿਸਾਨ ਕ੍ਰੈਡਿਟ ਕਾਰਡ ਕਵਰੇਜ ਵੱਧ ਕੇ 7.75 ਕਰੋੜ ਹੋ ਗਿਆ ਹੈ, ਜਦੋਂ ਕਿ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਦੁਆਰਾ ਪ੍ਰਦਾਨ ਕੀਤੇ ਗਏ ਖੇਤੀਬਾੜੀ ਵਿੱਤ ਦਾ ਹਿੱਸਾ 2013-14 ਵਿੱਚ ਖੇਤੀਬਾੜੀ ਉਤਪਾਦਨ ਮੁੱਲ ਦੇ 29.4 ਫ਼ੀਸਦੀ ਤੋਂ ਵੱਧ ਕੇ 2023-24 ਵਿੱਚ 41.7 ਫ਼ੀਸਦੀ ਹੋ ਗਿਆ ਹੈ। ਇਨ੍ਹਾਂ ਸਾਰੀਆਂ ਪਹਿਲਕਦਮੀਆਂ ਨੇ ਗੈਰ-ਰਸਮੀ ਕਰਜ਼ੇ 'ਤੇ ਨਿਰਭਰਤਾ ਘਟਾ ਦਿੱਤੀ ਹੈ ਅਤੇ ਕਿਸਾਨਾਂ ਦਾ ਨਿਵੇਸ਼ ਵਿੱਚ ਵਿਸ਼ਵਾਸ ਵਧਾਇਆ ਹੈ।

### ਵਿਕਾਸ ਅਤੇ ਸਥਿਰਤਾ ਲਈ ਵਿਗਿਆਨ ਦੀ ਵਰਤੋਂ ਅਤੇ ਨਿਵੇਸ਼

ਮਿੱਟੀ ਅਤੇ ਪਾਣੀ ਪ੍ਰਬੰਧਨ 'ਤੇ ਇੱਕ ਨਵਾਂ ਧਿਆਨ ਕੇਂਦਰਿਤ ਕੀਤਾ ਗਿਆ ਹੈ। ਮਿੱਟੀ ਸਿਹਤ ਕਾਰਡ ਯੋਜਨਾ ਨੇ ਮਿੱਟੀ ਦੀਆਂ ਜ਼ਰੂਰਤਾਂ ਦੇ ਅਨੁਸਾਰ ਪੌਸ਼ਟਿਕ ਤੱਤਾਂ ਦੀ ਵਰਤੋਂ ਵਿੱਚ ਸੁਧਾਰ ਕਰਕੇ ਕਿਸਾਨਾਂ ਦੀ ਉਤਪਾਦਕਤਾ ਅਤੇ ਉਪਜ ਵਧਾਉਣ ਵਿੱਚ ਮਦਦ ਕੀਤੀ ਹੈ।

ਇਸ ਯੋਜਨਾ ਤਹਿਤ 2025 ਦੇ ਮੱਧ ਤੱਕ ਕੁੱਲ 25 ਕਰੋੜ ਤੋਂ ਵੱਧ ਕਾਰਡ ਵੰਡੇ ਜਾ ਚੁੱਕੇ ਹਨ। ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਨੇ ਹਰ ਖੇਤ ਨੂੰ ਪਾਣੀ ਪ੍ਰਦਾਨ ਕਰਨ ਦੇ ਆਪਣੇ ਟੀਚੇ ਨਾਲ ਸਿੰਚਾਈ ਕਵਰੇਜ ਦਾ ਵਿਸਥਾਰ ਕੀਤਾ ਹੈ। ਇਸ ਨਾਲ ਮਾਨਸੂਨ ਬਾਰਿਸ਼ 'ਤੇ ਨਿਰਭਰਤਾ ਘੱਟ ਗਈ ਹੈ। ਭਵਿੱਖ ਵੱਲ ਧਿਆਨ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਅਜਿਹੀ ਖੇਤੀਬਾੜੀ ਪ੍ਰਣਾਲੀ ਦੀ ਕਲਪਨਾ ਕੀਤੀ ਹੈ ਜੋ ਆਧੁਨਿਕ, ਟਿਕਾਊ ਅਤੇ ਮਜ਼ਬੂਤ ਹੋਵੇ- ਪਰੰਪਰਾ ਵਿੱਚ ਜੜੀ ਹੋਵੇ ਪਰ ਨਵੀਨਤਾ ਦੁਆਰਾ ਸੰਚਾਲਿਤ ਹੋਵੇ। ਪੀ. ਐਮ. ਕਿਸਾਨ ਤੋਂ ਲੈ ਕੇ ਪੀ. ਐਮ. ਕੁਸੁਮ ਤੱਕ ਅਤੇ ਬੀਜ ਤੋਂ ਲੈ ਕੇ ਬਾਜ਼ਾਰ ਤੱਕ, ਹਰ ਸੁਧਾਰ ਇਸ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਕਿਸਾਨਾਂ ਦੀ ਭਲਾਈ ਰਾਸ਼ਟਰੀ ਖੁਸ਼ਹਾਲੀ ਦਾ ਆਧਾਰ ਹੈ। 75 ਸਾਲ ਦੀ ਉਮਰ ਵਿੱਚ ਵੀ ਪ੍ਰਧਾਨ ਮੰਤਰੀ ਮੋਦੀ ਇਸ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਜੁਟੇ ਹੋਏ ਹਨ ਅਤੇ ਭਾਰਤ ਦੀ ਖੇਤੀਬਾੜੀ ਪ੍ਰਣਾਲੀ ਨੂੰ ਨਵੀਆਂ ਉਚਾਈਆਂ 'ਤੇ ਲਿਜਾ ਰਹੇ ਹਨ।

- ਡਾ. ਰਮੇਸ਼ ਚੰਦ, ਮੈਂਬਰ, ਨੀਤੀ ਆਯੋਗ

# ਪਰਾਲੀ ਦੇ ਮਸਲੇ ਨਾਲ ਕਿਵੇਂ ਨਜਿੱਠੀਏ



**ਪਰਾਲੀ ਕੋਈ ਕੂੜਾ ਨਹੀਂ, ਜਿਸ ਦੀ ਕੋਈ ਹੋਰ ਵਰਤੋਂ ਨਾ ਹੋ ਸਕਦੀ ਹੋਵੇ, ਸਗੋਂ ਇਸ ਨੂੰ ਦਰਜਨਾਂ ਹੋਰ ਵਸਤੂਆਂ ਵਿੱਚ ਵਟਾ ਕੇ ਬੜੇ ਉੱਚ ਮੁੱਲ ਦਾ ਬਣਾਇਆ ਜਾ ਸਕਦਾ ਹੈ। ਇਨ੍ਹਾਂ ਵਿੱਚ ਕਾਗਜ਼ ਤੇ ਗੱਤਾ ਵੀ ਆਉਂਦਾ ਹੈ ਅਤੇ ਇਸ ਨੂੰ ਫਿਊਲ ਅਤੇ ਬਾਇਓ-ਗੈਸ ਵਿੱਚ ਵੀ ਬਦਲਿਆ ਜਾ ਸਕਦਾ ਹੈ।**



ਡਾ. ਸ. ਸ. ਛੀਨਾ

ਪਰਾਲੀ ਸੰਭਾਲਣ ਲਈ ਉਦਯੋਗਾਂ ਵਿੱਚ ਪਰਾਲੀ ਦਾ ਮੁੱਲ ਵਾਧਾ ਸਭ ਤੋਂ ਚੰਗਾ ਬਦਲ ਹੈ ਪਰ ਇਹ ਕਾਰਜ ਕਿਸਾਨ ਨਹੀਂ ਕਰ ਸਕਦਾ ਹਾਂ, ਸਰਕਾਰ ਦੀ ਸਰਪ੍ਰਸਤੀ ਤਹਿਤ ਉਦਯੋਗਿਕ ਇਕਾਈਆਂ ਨਾਲ ਅਜਿਹਾ ਕੀਤਾ ਜਾ ਸਕਦਾ ਹੈ। ਭਾਰਤ ਵਿੱਚ ਸਭ ਤੋਂ ਵਿਕਸਤ ਖੇਤੀ ਵਾਲਾ ਪ੍ਰਾਂਤ ਪੰਜਾਬ, ਜਿਹੜਾ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਪਹਿਲੇ ਨੰਬਰ ’ਤੇ ਹੁੰਦਾ ਸੀ, ਉਦਯੋਗਾਂ ਵਿੱਚ ਬਹੁਤ ਪਿੱਛੇ ਹੋਣ ਕਰ ਕੇ ਹੁਣ 12ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਮਹਾਰਾਸ਼ਟਰ, ਤਾਮਿਲਨਾਡੂ, ਗੁਜਰਾਤ ਆਦਿ ਸਿਰਫ਼ ਉਦਯੋਗਾਂ ਕਰ ਕੇ ਅੱਗੇ ਵਧੇ ਹਨ। ਪੰਜਾਬ ਵਿਦੇਸ਼ੀ ਅਤੇ ਦੇਸ਼ ਦੇ ਹੋਰ ਉਦਯੋਗਪਤੀਆਂ ਨੂੰ ਹੋਰ ਸਹੂਲਤਾਂ ਦੀ ਪੇਸ਼ਕਸ਼ ਵੀ ਕਰ ਰਿਹਾ ਹੈ ਪਰ ਕੋਈ ਸਫ਼ਲਤਾ ਨਹੀਂ ਮਿਲ ਰਹੀ। ਇਸ ਲਈ ਜੇ ਪ੍ਰਾਈਵੇਟ ਉਦਯੋਗਪਤੀ ਪੂੰਜੀ ਨਹੀਂ ਲਗਾ ਰਹੇ ਤਾਂ ਪੰਜਾਬ ਸਰਕਾਰ ਨੂੰ ਆਪ ਜਾਂ ਜਨਤਕ/ਸਰਕਾਰੀ ਭਾਈਵਾਲੀ ਜਾਂ ਸਹਿਕਾਰਤਾ ਰਾਹੀਂ ਪੂੰਜੀ ਲਗਾਉਣ ਨੂੰ ਹੁਲਾਰਾ ਦੇਣਾ ਚਾਹੀਦਾ ਹੈ।

ਪਰਾਲੀ ਦੀ ਸਮੱਸਿਆ ਮੁੱਖ ਰੂਪ ਵਿੱਚ ਇਸ ਨੂੰ ਸੰਭਾਲਣ ਦੀ ਹੈ ਜਿਸ ਲਈ ਸਰਕਾਰ ਕਿਸਾਨਾਂ ਨੂੰ ਹੈਪੀ ਸੀਡਰ (ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ) ਬੇਲਰ (ਵੱਡੇ ਟਰੈਕਟਰ ਨਾਲ ਪਰਾਲੀ ਨੂੰ ਇਕੱਠਾ ਕਰ ਕੇ ਗੰਢਾਂ ਬਣਾਉਣੀਆਂ) ਅਤੇ ਪੂਸਾ ਕੈਪਸੂਲ (ਜਿਸ ਨੂੰ ਖੇਤ ਵਿੱਚ ਪਾ ਦਿੱਤਾ ਜਾਂਦਾ ਹੈ ਤੇ ਪਰਾਲੀ ਗਲ ਕੇ ਰੂੜ੍ਹੀ ਬਣ ਜਾਂਦੀ ਹੈ) ਮੁਹੱਈਆ ਕਰਵਾਉਂਦੀ ਹੈ। ਇਸ ਸਭ ਕਾਸੇ ਲਈ ਸਰਕਾਰ ਸਬਸਿਡੀ ਦਿੰਦੀ ਹੈ। ਪਿਛਲੇ 5-6 ਸਾਲਾਂ ਤੋਂ ਸਰਕਾਰ ਸਬਸਿਡੀ ਅਤੇ ਸਿਖਲਾਈ ਵਰਗੀ ਮਦਦ ਵੀ ਦੇ ਰਹੀ ਹੈ। ਇਸ ਤੋਂ ਇਲਾਵਾ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (ਹਵਾ ਦੀ ਗੁਣਵੱਤਾ ਦਾ ਪ੍ਰਬੰਧ ਕਰਨ ਵਾਲੇ ਕਮਿਸ਼ਨ) ਨੇ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਪਰਾਲੀ ਦੇ ਪ੍ਰਬੰਧ ਲਈ ਇੰਤਜ਼ਾਮ ਕਰਨ ਦੀਆਂ ਹਦਾਇਤਾਂ ਜ਼ਰੂਰੀ ਕੀਤੀਆਂ ਹਨ। ਪੰਜਾਬ ਦੇ ਪਿੰਡਾਂ ਵਿੱਚ ਕੋਈ 10 ਹਜ਼ਾਰ ਕਰਮਚਾਰੀ ਪਰਾਲੀ ਦੇ ਯੋਗ ਪ੍ਰਬੰਧ ਕਰਨ ਲਈ ਨਿਯੁਕਤ ਕੀਤੇ ਹਨ। ਇਨ੍ਹਾਂ ਤੋਂ ਇਲਾਵਾ ਨੋਡਲ ਅਫਸਰ ਅਤੇ ਫੀਲਡ ਅਫਸਰ ਵੀ ਹਨ।

ਪਰਾਲੀ ਕੋਈ ਕੂੜਾ ਨਹੀਂ, ਜਿਸ ਦੀ ਕੋਈ ਹੋਰ ਵਰਤੋਂ ਨਾ ਹੋ ਸਕਦੀ ਹੋਵੇ, ਸਗੋਂ ਇਸ ਨੂੰ ਦਰਜਨਾਂ ਹੋਰ ਵਸਤੂਆਂ ਵਿੱਚ ਵਟਾ ਕੇ ਬੜੇ ਉੱਚ ਮੁੱਲ ਦਾ ਬਣਾਇਆ ਜਾ ਸਕਦਾ ਹੈ। ਇਨ੍ਹਾਂ ਵਿੱਚ ਕਾਗਜ਼ ਤੇ ਗੱਤਾ ਵੀ ਆਉਂਦਾ ਹੈ। ਪਰਾਲੀ ਨੂੰ ਫਿਊਲ ਅਤੇ ਬਾਇਓ ਗੈਸ ਵਿੱਚ ਵੀ ਬਦਲਿਆ ਜਾ ਸਕਦਾ ਹੈ। ਪਸ਼ੂਆਂ ਦੇ ਚਾਰੇ, ਖਾਦਾਂ ਅਤੇ ਸਰਦੀਆਂ ਵਿੱਚ ਟੋਕੇ ’ਤੇ ਕੁਤਰ ਕੇ ਪਸ਼ੂਆਂ ਦੇ ਕਮਰਿਆਂ ਵਿੱਚ ਠੰਢ ਘਟਾਉਣ ਲਈ ਵੀ ਵਰਤਿਆ ਜਾ ਸਕਦਾ ਹੈ। ਬਾਅਦ ਵਿੱਚ ਇਸ ਦੀ ਉਪਯੋਗੀ ਖਾਦ ਬਣਦੀ ਹੈ। ਇਉਂ ਪਰਾਲੀ ਅਜਿਹੇ ਕੰਮਾਂ ਲਈ ਵਰਤ ਕੇ ਇਸ ਦਾ ਮੁੱਲ ਵਾਧਾ ਕੀਤਾ ਜਾ ਸਕਦਾ ਹੈ।

ਪਿਛਲੇ ਲੰਮੇ ਸਮੇਂ ਤੋਂ ਪਰਾਲੀ ਦਾ ਮੁੱਦਾ ਹਰ ਸਾਲ ਉੱਠਦਾ ਹੈ। ਇਸ ਲਈ ਲੈਬਾਰਟਰੀਆਂ ਵਿੱਚ ਖੋਜ ਕਰਨੀ ਬਹੁਤ ਜ਼ਰੂਰੀ ਹੈ ਕਿ ਪਰਾਲੀ ਨੂੰ ਕਿਸ ਤਰ੍ਹਾਂ ਛੋਟੇ ਪੈਮਾਨੇ ਦੇ ਉਦਯੋਗਾਂ ਵਿੱਚ ਵਰਤ ਕੇ ਇਸ ਦੇ ਮੁੱਲ ਵਿੱਚ ਵਾਧਾ ਕੀਤਾ ਜਾਵੇ। ਸਤੰਬਰ ਤੋਂ ਲੈ ਕੇ ਮਾਰਚ ਤੱਕ ਖੁੰਬਾਂ ਦੀ ਪੈਦਾਵਾਰ ਦਾ ਸਮਾਂ ਹੈ ਜਿਸ ਲਈ ਪਰਾਲੀ ਦੀ ਬਹੁਤ ਜ਼ਰੂਰਤ ਪੈਂਦੀ ਹੈ। ਖੁੰਬਾਂ ਖਾਣ ਵਾਲੀ ਵਸਤੂ ਹੈ, ਜਿਹੜੀ ਭਾਰਤ ਦੀਆਂ ਮੰਡੀਆਂ ਅਤੇ ਵਿਦੇਸ਼ਾਂ ਵਿੱਚ ਆਸਾਨੀ ਨਾਲ ਬਰਾਮਦ ਹੋ ਸਕਦੀ ਹੈ।

ਇਸ ਮਸਲੇ ਵਿੱਚ ਮੁੱਖ ਸਮੱਸਿਆ ਪਰਾਲੀ ਇਕੱਠੀ ਕਰਨ ਦੀ ਹੈ ਜਿਸ ਨੂੰ ਬੇਲਰ ਨਾਲ ਵੱਡੇ ਟਰੈਕਟਰ ਜੋੜ ਕੇ ਹੁਣ ਆਸਾਨੀ ਨਾਲ ਇਕੱਠਾ ਕੀਤਾ ਜਾ ਸਕਦਾ ਹੈ। ਪੰਜਾਬ ਦੇ ਸਾਬਕਾ ਮੰਤਰੀ ਅਤੇ ਉਦਯੋਗਪਤੀ ਰਾਣਾ ਗੁਰਜੀਤ ਸਿੰਘ ਨੇ ਇਸ ਤਰ੍ਹਾਂ ਇੰਤਜ਼ਾਮ ਕੀਤਾ ਹੈ ਕਿ ਉਹ ਅੰਮ੍ਰਿਤਸਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਤੋਂ ਇਲਾਵਾ ਕਪੂਰਥਲਾ ਜ਼ਿਲ੍ਹੇ ਤੋਂ ਵੱਡੀ ਪੱਧਰ ’ਤੇ ਪਰਾਲੀ ਇਕੱਠੀ ਕਰ ਰਹੇ ਹਨ ਅਤੇ ਇਸ ਨੂੰ ਆਪਣੀਆਂ ਫੈਕਟਰੀਆਂ ਵਿੱਚ ਕੋਲੇ ਦੀ ਥਾਂ ਬਾਇਲਰਾਂ ਵਿੱਚ ਵਰਤ ਰਹੇ ਹਨ। ਇਉਂ ਕਰਕੇ ਉਨ੍ਹਾਂ ਨੂੰ ਕਾਫੀ ਬੱਚਤ ਵੀ ਹੁੰਦੀ ਹੈ ਅਤੇ ਕੋਲੇ ’ਤੇ ਵੱਡੀ ਨਿਰਭਰਤਾ ਵੀ ਘਟਦੀ ਹੈ। ਇਨ੍ਹਾਂ ਬਾਇਲਰਾਂ ਵਿੱਚ ਪਰਾਲੀ ਵਰਤਣ ਨਾਲ ਧੂੰਏਂ ਦੀ ਕੋਈ ਸਮੱਸਿਆ ਨਹੀਂ ਰਹਿ ਜਾਂਦੀ, ਕਿਉਂ ਜੋ ਬਾਇਲਰਾਂ ਨਾਲ ਆਧੁਨਿਕ ਤਕਨੀਕ ਵਾਲੇ ਫਿਲਟਰ ਫਿੱਟ ਕੀਤੇ ਹੁੰਦੇ ਹਨ ਜਿਨ੍ਹਾਂ ਨਾਲ ਧੂੰਆਂ ਨਹੀਂ ਨਿਕਲਦਾ। ਪੰਜਾਬ ਦੇ ਗੱਤੇ ਦੇ ਬਹੁਤ ਸਾਰੇ ਪਲਾਂਟਾਂ ਵਿੱਚ ਇਸ ਨੂੰ ਕੱਚੇ ਮਾਲ ਦੇ ਤੌਰ ’ਤੇ ਵਰਤਿਆ ਜਾਂਦਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਵੱਡੇ ਪਿੰਡ ਸੁਰ ਸਿੰਘ ਵਿੱਚ ਇੱਕ ਉਦਮੀ ਕਰਨਜੀਤ ਸਿੰਘ ਨੇ ਡਿਸਪੋਜ਼ੇਬਲ ਕਰਾਕਰੀ ਬਣਾਉਣ ਦਾ ਪਲਾਂਟ ਲਗਾਇਆ ਹੋਇਆ ਹੈ। ਉਸ ਅਨੁਸਾਰ ਇਸ ਪਲਾਂਟ ਨੂੰ ਜੇ ਵੱਡੇ ਪੈਮਾਨੇ ’ਤੇ ਲਗਾਇਆ ਜਾਵੇ ਤਾਂ ਇਸ ਦਾ ਜ਼ਿਆਦਾ ਲਾਭ ਹੈ ਅਤੇ ਗੱਤੇ ਵਾਂਗ ਡਿਸਪੋਜ਼ੇਬਲ ਕਰਾਕਰੀ ਤੇ ਕਾਗਜ਼ ਵਿੱਚ ਬਦਲਿਆ ਜਾ ਸਕਦਾ ਹੈ ਪਰ ਇਸ ਲਈ ਹੋਰ ਖੋਜ ਤਕਨੀਕਾਂ ਦੀ ਲੋੜ ਹੈ।

ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿੱਚ ਬਹੁਤ ਥੋੜ੍ਹਾ ਸਮਾਂ ਬਚਦਾ ਹੈ। ਉਸ ਸਮੇਂ ਵਿੱਚ ਹੀ ਖੇਤ ਖਾਲੀ ਅਤੇ ਵਾਹੀ ਯੋਗ ਬਣਾਉਣ ਲਈ ਪਰਾਲੀ ਨੂੰ ਛੇਤੀ ਤੋਂ ਛੇਤੀ ਖੇਤ ਵਿੱਚੋਂ ਬਾਹਰ ਕੱਢਣਾ ਜ਼ਰੂਰੀ ਹੈ। ਛੋਟੇ ਕਿਸਾਨਾਂ ਕੋਲੋਂ ਬੇਲਰ ਚਲਾਉਣ ਵਾਲਾ ਟਰੈਕਟਰ ਤਾਂ ਖਰੀਦਿਆ ਨਹੀਂ ਜਾ ਸਕਦਾ, ਇਸ ਲਈ ਸਭ ਤੋਂ ਚੰਗੀ ਵਰਤੋਂ ਤਾਂ ਇਸ ਤੋਂ ਖਾਦ ਬਣਾਉਣੀ ਜਾਂ ਪਸ਼ੂਆਂ ਦੀ ਫੀਡ ਵਿੱਚ ਮਿਲਾਉਣਾ ਹੀ ਹੋ ਸਕਦਾ ਹੈ। ਉਹ ਉਦਯੋਗਪਤੀ ਵਾਲਾ ਕੰਮ ਵੀ ਨਹੀਂ ਕਰ ਸਕਦਾ।

ਜ਼ਾਹਿਰ ਹੈ ਕਿ ਪੰਜਾਬ ਦੇ ਉਦਯੋਗਪਤੀਆਂ ਨੂੰ ਰਾਣਾ ਗੁਰਜੀਤ ਸਿੰਘ ਵਾਂਗ ਅੱਗੇ ਆਉਣਾ ਚਾਹੀਦਾ ਹੈ ਅਤੇ ਨਾ ਸਿਰਫ਼ ਬਾਇਲਰ ਵਿੱਚ ਵਰਤ ਕੇ, ਸਗੋਂ ਇਸ ਤੋਂ ਡਿਸਪੋਜ਼ੇਬਲ ਕਰਾਕਰੀ ਆਦਿ ਵਸਤੂਆਂ ਬਣਾਉਣ ਦੇ ਯੂਨਿਟ ਲਾਉਣੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਗ੍ਰਾਂਟ ਅਤੇ ਸਬਸਿਡੀ ਦੇ ਰੂਪ ਵਿੱਚ ਉਨ੍ਹਾਂ ਉਦਯੋਗਪਤੀਆਂ ਦੀ ਮਦਦ ਕਰਨੀ ਚਾਹੀਦੀ ਹੈ, ਜਿਹੜੇ ਪਰਾਲੀ ਦੇ ਮੁੱਲ ਵਾਧੇ ਲਈ ਇਕਾਈਆਂ ਲਾ ਰਹੇ ਹਨ। ਬੈਂਕਾਂ ਨੂੰ ਵੀ ਅਜਿਹੀਆਂ ਇਕਾਈਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਪਰਾਲੀ ਨੂੰ ਜੇ ਧਨ ਵਿੱਚ ਬਦਲਿਆ ਜਾ ਸਕਦਾ ਹੈ ਤਾਂ ਸਰਕਾਰ ਨੂੰ ਆਪਣੀਆਂ ਉਦਯੋਗਿਕ ਇਕਾਈਆਂ ਵੀ ਲਾ ਦੇਣੀਆਂ ਚਾਹੀਦੀਆਂ ਹਨ, ਜਾਂ ਜਨਤਕ ਨਿੱਜੀ ਭਾਈਵਾਲੀ ਕਰ ਕੇ ਨਿੱਜੀ ਉਦਯੋਗਪਤੀਆਂ ਨੂੰ ਨਾਲ ਲੈ ਕੇ ਇਹ ਕਾਰਜ ਸ਼ੁਰੂ ਕਰ ਲੈਣਾ ਚਾਹੀਦਾ ਹੈ। ਇਸ ਵਿੱਚ ਮੁੱਖ ਸਮੱਸਿਆ ਪਰਾਲੀ ਇਕੱਠੀ ਕਰਨ ਦੀ ਹੈ। ਇਸ ਲਈ ਇਹ ਕੰਮ ਕਿਸੇ ਵਿਸ਼ੇਸ਼ ਏਜੰਸੀ ਦੇ ਜ਼ਿੰਮੇ ਲਾਉਣਾ ਚਾਹੀਦਾ ਹੈ। ਪਰਾਲੀ ਸਾਰੇ ਪੰਜਾਬ ਵਿੱਚ ਖਿੱਲਰੀ ਪਈ ਹੈ, ਇਸ ਨੂੰ ਇਕੱਠਾ ਕਰਨ ਲਈ ਸੈਂਕੜੇ ਟਰੈਕਟਰਾਂ ਅਤੇ ਬਾਇਲਰਾਂ ਦੀ ਜ਼ਰੂਰਤ ਹੈ। ਇਸੇ ਲਈ ਖ਼ਾਸ ਏਜੰਸੀ ਦੀ ਜ਼ਰੂਰਤ ਹੈ ਕਿਉਂ ਜੋ ਇਹ ਕੰਮ ਕੁਝ ਕੁ ਦਿਨਾਂ ਵਿੱਚ ਮੁਕਾਉਣਾ ਜ਼ਰੂਰੀ ਹੁੰਦਾ ਹੈ।

ਇਹ ਕੰਮ ਸਹਿਕਾਰੀ ਉਦਯੋਗਿਕ ਇਕਾਈਆਂ ਵੀ ਕਰ ਸਕਦੀਆਂ ਹਨ ਜਿਸ ਵਿੱਚ ਕਿਸਾਨ ਹਿੱਸੇਦਾਰ ਹੋ ਸਕਦੇ ਹਨ। ਸਹਿਕਾਰਤਾ ਨੂੰ ਸਰਕਾਰ ਦੀ ਸਰਪ੍ਰਸਤੀ ਦੀ ਸਰਪ੍ਰਸਤੀ ਦੀ ਵੱਡੀ ਲੋੜ ਹੈ। ਜਿਵੇਂ ਮਿਲਕਫੈੱਡ ਦੁੱਧ ਦੀਆਂ ਵਸਤੂਆਂ ਦਾ ਬਰਾਮਦ ਕਰ ਰਹੀ ਹੈ, ਉਸ ਤਰ੍ਹਾਂ ਪਰਾਲੀ ਤੋਂ ਬਣਨ ਵਾਲੀਆਂ ਵਸਤੂਆਂ ਦੀ ਸਹਿਕਾਰੀ ਫੈਡਰੇਸ਼ਨ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਆਪਣੀਆਂ ਇਕਾਈਆਂ ਬਣਾ ਸਕਦੀ ਹੈ।

ਸਮੁੱਚੀ ਚਰਚਾ ਦੌਰਾਨ ਸਿੱਟਾ ਇਹੀ ਨਿਕਲਦਾ ਹੈ ਕਿ ਪਰਾਲੀ ਉਹ ਵਸਤੂ ਹੈ ਜਿਸ ਦੀ ਵਰਤੋਂ ਕਈ ਤਰ੍ਹਾਂ ਨਾਲ ਹੋ ਸਕਦੀ ਹੈ ਪਰ ਇੱਕੋ ਹੀ ਸਮੱਸਿਆ ਇਸ ਨੂੰ ਖੇਤਾਂ ਵਿੱਚੋਂ ਬਾਹਰ ਕੱਢਣ ਦੀ ਹੈ ਜਿਸ ਲਈ ਸਰਕਾਰ ਨੂੰ ਪਬਲਿਕ ਨਿੱਜੀ ਭਾਈਵਾਲੀ ਦੀਆਂ ਇਕਾਈਆਂ ਜਾਂ ਸਹਿਕਾਰੀ ਉਦਯੋਗਿਕ ਇਕਾਈਆਂ ਦੀ ਸਰਪ੍ਰਸਤੀ ਕਰ ਕੇ, ਕੁਝ ਹੀ ਦਿਨਾਂ ਵਿੱਚ ਪਰਾਲੀ ਇਕੱਠਾ ਕਰਵਾਉਣ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਸ ਕਾਰਜ ਲਈ ਇੱਕ ਇਕਾਈ ਕਾਮਯਾਬ ਨਹੀਂ ਹੋਣੀ ਭਾਵੇਂ ਉਹ ਕਿੰਨੇ ਵੀ ਵੱਡੇ ਆਕਾਰ ਦੀ ਹੋਵੇ ਕਿਉਂ ਜੋ ਮੁਹਾਲੀ ਤੋਂ ਪਰਾਲੀ ਇਕੱਠੀ ਕਰ ਕੇ ਅੰਮ੍ਰਿਤਸਰ ਲਿਜਾਣੀ ਕਿਫ਼ਾਇਤੀ ਨਹੀਂ ਹੋਵੇਗੀ ਅਤੇ ਸਮਾਂ ਵੀ ਬਹੁਤ ਲੱਗੇਗਾ। ਇਸ ਲਈ ਵੱਖ-ਵੱਖ ਇਲਾਕਿਆਂ ਵਿੱਚ ਇਕਾਈਆਂ ਲਾਉਣੀਆਂ ਪੈਣਗੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਇਸ ਦੀ ਵਰਤੋਂ ਦੀਆਂ ਹੋਰ ਸੰਭਾਵਨਾਵਾਂ ਲਈ ਵਿਸ਼ੇਸ਼ ਖੋਜ ਕਰਵਾਉਣੀ ਚਾਹੀਦੀ ਹੈ।





# ਮਿੱਲਟ ਦੀਆਂ ਪ੍ਰੋਸੈਸਿੰਗ ਸੰਭਾਵਨਾਵਾਂ ਅਤੇ ਇਹਨਾਂ ਤੋਂ ਤਿਆਰ ਉਤਪਾਦ

ਸਵਿਤਾ ਸ਼ਰਮਾ, ਰਾਜਨ ਸ਼ਰਮਾ ਅਤੇ ਅਰਸ਼ਦੀਪ ਸਿੰਘ,
ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ ਮੋਬਾਇਲ : 98147-69992

ਕਣਕ ਅਤੇ ਝੋਨੇ ਵਰਗੀਆਂ ਮੁੱਖ ਫਸਲਾਂ ਦੇ ਮੁਕਾਬਲੇ ਮਿੱਲਟ ਨੂੰ ਪਾਣੀ ਦੀ ਲੋੜ ਬਹੁਤ ਘੱਟ ਹੈ ਕਿਉਂਕਿ ਇਹਨਾਂ ਦੀ ਡੂੰਘੀ ਜੜ੍ਹ ਮਿੱਟੀ ਦੀਆਂ ਹੇਠਲੀਆਂ ਪਰਤਾਂ ਤੋਂ ਪਾਣੀ ਤੱਕ ਪਹੁੰਚ ਕਰਦੀਆਂ ਹਨ ਜਿਸ ਕਰਕੇ



ਮਿੱਲਟ ਸੋਕੇ ਵਿਚ ਵੀ ਹੋ ਜਾਂਦੇ ਹਨ । ਮਿੱਲਟ ਮਾੜੀ-ਗੁਣਵੱਤਾ ਵਾਲੀ ਜਾਂ ਘੱਟ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਲਈ ਵੀ ਢੁਕਵੇਂ ਹਨ । ਮਿੱਲਟ ਵਿਚ ਬਾਜਰਾ, ਜਵਾਰ ਅਤੇ ਬਾਗੀ ਤੋਂ ਇਲਾਵਾ ਕੁਟਕੀ, ਕੰਗਣੀ, ਕੋਦਰਾ, ਸਵਾਂਕ ਅਤੇ ਚੀਨਾ ਵਰਗੇ ਛੋਟੇ ਮਿੱਲਟ ਵੀ ਸ਼ਾਮਲ ਹਨ । ਮਿੱਲਟ ਬਹੁਤ ਜ਼ਿਆਦਾ ਪੌਸ਼ਟਿਕ ਅਨਾਜ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਖੁਰਾਕੀ ਫਾਈਬਰ, ਸਟਾਰਚ, ਪ੍ਰੋਟੀਨ, ਫੈਟ, ਖਣਿਜ (ਆਇਰਨ, ਜ਼ਿੰਕ, ਫਾਸਫੋਰਸ ਅਤੇ ਮੈਗਨੀਸ਼ੀਅਮ) ਅਤੇ ਵਿਟਾਮਿਨ (ਵਿਸ਼ੇਸ਼ ਤੌਰ 'ਤੇ ਬੀ-ਕੰਪਲੈਕਸ) ਸਮੇਤ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ ।

ਮਿੱਲਟ ਜਿੰਨਾਂ ਨੂੰ ਮੋਟੇ ਅਨਾਜ ਕਿਹਾ ਜਾਂਦਾ ਹੈ, ਨੂੰ ਉਨ੍ਹਾਂ ਦੇ ਪੌਸ਼ਟਿਕ ਗੁਣਾਂ ਅਤੇ ਪੌਸ਼ਟਿਕ ਸਮਰੱਥਾ ਦੇ ਕਾਰਨ 'ਭਵਿੱਖ ਦੇ ਅਨਾਜ' ਵਜੋਂ ਜਾਣਿਆ ਜਾਂਦਾ ਹੈ । ਕਣਕ ਅਤੇ ਝੋਨੇ ਵਰਗੀਆਂ ਮੁੱਖ ਫਸਲਾਂ ਦੇ ਮੁਕਾਬਲੇ ਮਿੱਲਟ ਨੂੰ ਪਾਣੀ ਦੀ ਲੋੜ ਬਹੁਤ ਘੱਟ ਹੈ ਕਿਉਂਕਿ ਇਹਨਾਂ ਦੀ ਡੂੰਘੀ ਜੜ੍ਹ ਮਿੱਟੀ ਦੀਆਂ ਹੇਠਲੀਆਂ ਪਰਤਾਂ ਤੋਂ ਪਾਣੀ ਤੱਕ ਪਹੁੰਚ ਕਰਦੀਆਂ ਹਨ ਜਿਸ ਕਰਕੇ ਮਿੱਲਟ ਸੋਕੇ ਵਿਚ ਵੀ ਹੋ ਜਾਂਦੇ ਹਨ । ਮਿੱਲਟ ਮਾੜੀ-ਗੁਣਵੱਤਾ ਵਾਲੀ ਜਾਂ ਘੱਟ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਲਈ ਵੀ ਢੁਕਵੇਂ ਹਨ । ਮਿੱਲਟ ਵਿਚ ਬਾਜਰਾ, ਜਵਾਰ ਅਤੇ ਬਾਗੀ ਤੋਂ ਇਲਾਵਾ ਕੁਟਕੀ, ਕੰਗਣੀ, ਕੋਦਰਾ, ਸਵਾਂਕ ਅਤੇ ਚੀਨਾ ਵਰਗੇ ਛੋਟੇ ਮਿੱਲਟ ਵੀ ਸ਼ਾਮਲ ਹਨ । ਮਿੱਲਟ ਬਹੁਤ ਜ਼ਿਆਦਾ ਪੌਸ਼ਟਿਕ ਅਨਾਜ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਖੁਰਾਕੀ ਫਾਈਬਰ, ਸਟਾਰਚ, ਪ੍ਰੋਟੀਨ, ਫੈਟ, ਖਣਿਜ (ਆਇਰਨ, ਜ਼ਿੰਕ, ਫਾਸਫੋਰਸ ਅਤੇ ਮੈਗਨੀਸ਼ੀਅਮ) ਅਤੇ ਵਿਟਾਮਿਨ (ਵਿਸ਼ੇਸ਼ ਤੌਰ 'ਤੇ ਬੀ-ਕੰਪਲੈਕਸ) ਸਮੇਤ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ । ਇਹਨਾਂ ਵਿਚੋਂ ਜ਼ਿਆਦਾਤਰ ਪੌਸ਼ਟਿਕ ਤੱਤ ਜਿਵੇਂ ਕਿ ਖਣਿਜ, ਵਿਟਾਮਿਨ ਅਤੇ ਫਾਈਬਰ ਮਿੱਲਟ ਦੇ ਬਾਹਰੀ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ, ਇਸ ਲਈ ਮਿੱਲਟ ਦਾ ਪੂਰਾ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਛਿਲਕਾ ਉਤਾਰ ਕੇ ਵਰਤਣਾ ਅਕਸਰ ਪੌਸ਼ਟਿਕ ਤੱਤਾਂ ਨੂੰ ਘਟਾ ਦਿੰਦਾ ਹੈ । ਮਿੱਲਟ ਕੁਦਰਤੀ ਤੌਰ ਤੇ ਗਲੂਟਨ ਮੁਕਤ ਅਤੇ ਘੱਟ ਗਲਾਈਸੈਮਿਕ ਇੰਡੈਕਸ ਅਨਾਜ ਹੁੰਦੇ ਹਨ ਅਤੇ ਗਲੂਟਨ ਐਲਰਜੀ ਵਾਲੇ ਖਪਤਕਾਰਾਂ ਲਈ ਇਕ ਵਿਕਲਪ ਹਨ ।

ਪੌਸ਼ਟਿਕ ਤੱਤਾਂ ਦੀ ਭਰਪੂਰਤਾ ਕਾਰਨ, ਖਾਣ ਤੋਂ ਬਾਅਦ ਮਿੱਲਟ ਸੰਤੁਸ਼ਟੀ ਜਾਂ ਸੰਪੂਰਨਤਾ ਪ੍ਰਦਾਨ ਕਰਦੇ ਹਨ, ਜਿਸ ਕਰਕੇ ਇਹ ਕੈਲੋਰੀ ਨਿਯੰਤਰਣ ਅਤੇ ਵਜ਼ਨ ਪ੍ਰਬੰਧਨ ਵਿਚ ਯੋਗਦਾਨ ਪਾਉਂਦੇ ਹਨ। ਮਿੱਲਟ ਦੀ ਖਣਿਜ ਅਤੇ ਵਿਟਾਮਿਨ ਸਮੱਗਰੀ ਵੱਖ-ਵੱਖ ਸਰੀਰਕ, ਪਾਚਕ ਅਤੇ ਨਿਊਰੋਲੋਜੀਕਲ ਪ੍ਰਕਿਰਿਆਵਾਂ ਨੂੰ ਨਿਯਮਤ ਕਰਨ ਵਿਚ ਮਦਦ ਕਰਦੀ ਹੈ । ਕਾਰਬੋਹਾਈਡਰੇਟ ਅਤੇ ਉੱਚ ਰੋਧਕ ਸਟਾਰਚ ਮਿੱਲਟ ਨੂੰ ਘੱਟ ਗਲਾਈਸੈਮਿਕ



ਭੋਜਨ ਬਣਾਉਂਦੇ ਹਨ ਜੋ ਸ਼ੂਗਰ ਦੇ ਮਰੀਜ਼ਾਂ ਲਈ ਢੁਕਵੇਂ ਹਨ ।

## ਮਿੱਲਟ ਦੀ ਪ੍ਰੋਸੈਸਿੰਗ

ਮਿੱਲਟ ਦੀ ਪ੍ਰੋਸੈਸਿੰਗ ਉਹਨਾਂ ਨੂੰ ਮਨੁੱਖੀ ਖਪਤ ਲਈ ਖਾਣ ਯੋਗ ਬਣਾਉਣ ਲਈ ਲੋੜੀਂਦੀ ਹੈ ਅਤੇ ਮਿੱਲਟ ਨੂੰ ਵੱਖ-ਵੱਖ ਤਕਨੀਕਾਂ ਦੁਆਰਾ ਪ੍ਰੋਸੈਸ ਕੀਤਾ ਜਾ ਸਕਦਾ ਹੈ । ਮਕੈਨੀਕਲ ਪ੍ਰਕਿਰਿਆਵਾਂ ਜਿਵੇਂ ਕਿ ਮਿਲਿੰਗ ਅਤੇ ਪਰਲਿੰਗ ਪੌਸ਼ਟਿਕਤਾ ਨੂੰ ਬਿਹਤਰ ਬਣਾਉਂਦੀਆਂ ਹਨ ਅਤੇ ਉਤਪਾਦਾਂ ਲਈ ਪ੍ਰੋਸੈਸਿੰਗ ਵਿਚ ਸੌਖ ਕਰਦੀਆਂ ਹਨ । ਪਾਣੀ ਵਿੱਚ ਭਿਉਣਾ, ਪੁੰਗਰਨਾ ਅਤੇ ਖਮੀਰੀਕਰਨ, ਪੌਸ਼ਕ ਤੱਤਾਂ ਦੀ ਰਚਨਾ, ਐਂਟੀਆਕਸੀਡੈਂਟ ਅਤੇ ਪੌਸ਼ਟਿਕ ਪਾਚਕਤਾ ਨੂੰ ਵਧਾਉਣ ਵਿਚ ਮਦਦ ਕਰਦੀਆਂ ਹਨ । ਬੇਕਿੰਗ, ਪੌਪਿੰਗ, ਐਕਸਟਰਿਊਸ਼ਨ, ਭੁੰਨਣਾ ਅਤੇ ਖਾਣਾ ਬਣਾਉਣ ਸਮੇਤ ਥਰਮਲ ਪਕਿਰਿਆਵਾਂ ਕੱਚੇ ਮਿੱਲਟ ਨੂੰ ਖਾਣ ਲਈ ਤਿਆਰ ਭੋਜਨ ਉਤਪਾਦਾਂ ਵਿਚ ਬਦਲ ਦਿੰਦੀਆਂ ਹਨ ।

## ਮਿੱਲਟ ਤੋਂ ਤਿਆਰ ਉਤਪਾਦ

ਮਿੱਲਟ ਨੂੰ ਪੂਰੇ ਅਨਾਜ, ਆਟਾ, ਦਰਦਰੇ ਅਤੇ ਫਲੈਕਸ ਰੂਪਾਂ ਵਿਚ ਵੱਖ-ਵੱਖ ਭੋਜਨ ਉਤਪਾਦਾਂ ਲਈ ਵਰਤਿਆ ਜਾ ਸਕਦਾ ਹੈ ।

### ਬੇਕਰੀ ਉਤਪਾਦ

ਮਿੱਲਟ ਨੂੰ ਕੂਕੀਜ਼, ਬਿਸਕੁਟ, ਕੇਕ, ਮਫਿਨ ਆਦਿ ਬਣਾਉਣ ਵਿਚ ਸਫਲਤਾਪੂਰਵਕ ਵਰਤਿਆ ਜਾ ਸਕਦਾ ਹੈ । ਬੇਕਰੀ ਉਤਪਾਦ ਬਣਾਉਣ ਲਈ ਸਿਹਤਮੰਦ ਅਤੇ ਪੌਸ਼ਟਿਕ ਮਿਲਟ ਦੇ ਆਟੇ ਨੂੰ ਮੈਦਾ ਜਾਂ ਕਣਕ ਦੇ ਆਟੇ ਦੀ ਥਾਂ 'ਤੇ ਵਰਤਿਆ ਜਾ ਸਕਦਾ ਹੈ ।

### ਪਾਸਤਾ ਅਤੇ ਨੂਡਲਜ਼

ਪਾਸਤਾ, ਮੈਕਰੋਨੀ ਅਤੇ ਨੂਡਲਜ਼ ਵਰਗੇ ਉਤਪਾਦ ਆਮ ਤੌਰ 'ਤੇ ਸੂਜੀ ਤੋਂ ਤਿਆਰ ਕੀਤੇ ਜਾਂਦੇ ਹਨ; ਹਾਲਾਂਕਿ, ਕਣਕ ਦੀ ਸਮੱਗਰੀ ਨੂੰ ਘਟਾਉਣ ਅਤੇ ਮੌਜੂਦਾ ਉਤਪਾਦਾਂ ਵਿਚ ਵਿਭਿੰਨਤਾ ਜੋੜਨ ਲਈ, ਮਿੱਲਟ ਨੂੰ ਵੱਖ-ਵੱਖ ਪੱਧਰਾਂ 'ਤੇ ਸ਼ਾਮਲ ਕੀਤਾ ਜਾ ਸਕਦਾ ਹੈ ।

### ਰੋਸਟਡ/ਭੁੰਨੇ ਹੋਏ ਮਿੱਲਟ

ਮਿੱਲਟ ਨੂੰ ਖੁੱਲ੍ਹੀ ਕੜਾਈ ਵਿਚ ਜਾਂ ਨਮਕ/ਰੇਤ ਨਾਲ ਭੁੰਨਿਆ ਜਾ ਸਕਦਾ ਹੈ ਅਤੇ ਆਮ ਤੌਰ 'ਤੇ ਭੁੰਨੇ ਹੋਏ ਮਿੱਲਟ ਨੂੰ ਸਨੈਕਸ ਵਜੋਂ ਖਾਧਾ ਜਾਂਦਾ ਹੈ । ਇਹਨਾਂ ਭੁੰਨੇ ਹੋਏ ਮਿੱਲਟ ਦਾ ਸਵਾਦ ਵਧਾਉਣ ਲਈ ਉਹਨਾਂ ਨੂੰ ਲੋੜੀਂਦੇ ਫਲੇਵਰ ਨਾਲ ਰਲਾਇਆ ਜਾ ਸਕਦਾ ਹੈ ।

### ਦੇਸੀ ਉਤਪਾਦ

ਮਿੱਲਟ ਦੀ ਵਰਤੋਂ ਕਈ ਸਵਦੇਸ਼ੀ ਉਤਪਾਦਾਂ ਜਿਵੇਂ ਕਿ ਰੋਟੀ, ਪੂੜਾ, ਚਿੱਲਾ, ਪੰਜੀਰੀ, ਲੱਡੂ, ਗੱਚਕ ਅਤੇ ਬਾਰ ਨੂੰ ਵਿਕਸਤ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਇਹਨਾਂ ਉਤਪਾਦਾਂ ਦੀ ਤਿਆਰੀ ਲਈ ਰਵਾਇਤੀ ਆਟੇ ਨੂੰ ਮਿੱਲਟ ਦੇ ਆਟੇ ਨਾਲ ਸਫਲਤਾਪੂਰਵਕ ਬਦਲਿਆ ਜਾ ਸਕਦਾ ਹੈ ਜੋ ਇਹਨਾਂ ਉਤਪਾਦਾਂ ਦੇ ਖਣਿਜਾਂ, ਬਾਇਓਐਕਟਿਵ, ਖੁਰਾਕ ਫਾਈਬਰ ਅਤੇ ਪ੍ਰੋਟੀਨ ਮਿਸ਼ਰਣਾਂ ਨੂੰ ਵਧਾਉਂਦਾ ਹੈ।

# ਬੜਾ ਕੰਮ ਦਾ ਹੈ ਹਰਾ ਧਨੀਆ

ਹਰਾ ਧਨੀਆ ਫਾਈਬਰ ਭਰਪੂਰ ਹੋਣ ਕਾਰਨ ਪੇਟ ਸਾਫ ਕਰ ਦਿੰਦਾ ਹੈ ਅਤੇ ਅਫਾਰਾ ਨਹੀਂ ਹੋਣ ਦਿੰਦਾ ਕਿਉਂਕਿ ਪੇਟ ਦੀ ਗੈਸ ਵੀ ਨਾਲੋ-ਨਾਲ ਨਿਕਲਦੀ ਰਹਿੰਦੀ ਹੈ । ਇਸੇ ਲਈ ਜੀਅ ਕੱਚਾ ਨਹੀਂ ਹੁੰਦਾ ਤੇ ਰੋਟੀ ਵੀ ਛੇਤੀ ਹਜ਼ਮ ਕਰ ਦਿੰਦਾ ਹੈ । ਫਾਈਬਰ ਭਰਪੂਰ ਹੋਣ ਸਦਕਾ ਜਿੱਥੇ ਇਹ ਲਹੂ ਵਿਚਲੀ ਸ਼ੱਕਰ ਦੀ ਮਾਤਰਾ ਨੂੰ ਘਟਾਉਣ ਵਿਚ ਮਦਦ ਕਰਦਾ ਹੈ, ਉੱਥੇ ਹੀ ਧਨੀਆ ਦਿਲ ਦੇ ਰੋਗਾਂ ਦੇ ਮਰੀਜ਼ਾਂ ਲਈ ਵੀ ਵਰਦਾਨ ਹੈ ਕਿਉਂਕਿ ਇਹ ਐਲ. ਡੀ. ਐਲ-ਯਾਨੀ ਮਾੜਾ ਕੋਲੈਸਟਰੋਲ ਘਟਾ ਦਿੰਦਾ ਹੈ ਅਤੇ ਵਧੀਆ ਕੋਲੈਸਟਰੋਲ ਯਾਨੀ ਐਚ. ਡੀ. ਐਲ



ਨੂੰ ਵਧਾ ਦਿੰਦਾ ਹੈ । ਸਿਰਫ ਇਹ ਹੀ ਨਹੀਂ, ਜਿਨ੍ਹਾਂ ਵਿਚ ਲਹੂ ਕਣਾ ਦੀ ਘਾਟ ਹੋਵੇ, ਉਨ੍ਹਾਂ ਲਈ ਧਨੀਏ ਵਿਚਲਾ ਆਇਰਨ ਲਹੂ ਦੀ ਕਮੀ ਘਟਾਉਣ ਵਿਚ ਵੀ ਵਧੀਆ ਰੋਲ ਅਦਾ ਕਰਦਾ ਹੈ । ਜਿੱਥੇ ਅੰਨ ਦੀ ਕਮੀ ਆਪਣਾ ਪੂਰਾ ਜ਼ੋਰ ਵਿਖਾ ਕੇ ਅੱਧੀ ਦੁਨੀਆਂ ਨੂੰ ਆਪਣੀ ਲਪੇਟ ਵਿਚ ਲਈ ਬੈਠੀ ਹੋਵੇ, ਉੱਥੇ ਲਹੂ ਦੀ ਕਮੀ ਨਾਲ ਪੀੜਤ 80 ਫੀਸਦੀ ਤੋਂ ਵੱਧ ਲੋਕਾਂ ਲਈ ਇਹ ਇਕ ਕੁਦਰਤੀ ਸੌਗਾਤ ਹੀ ਮੰਨਣੀ ਚਾਹੀਦੀ ਹੈ । ਸੋ ਇਸਦਾ ਇਹ ਫਾਇਦਾ ਵੀ ਜ਼ਰੂਰ ਲੈਣਾ ਚਾਹੀਦਾ ਹੈ ।

ਹਾਜ਼ਮਾ ਸਹੀ ਕਰਨ ਦੇ ਨਾਲ ਨਾਲ ਇਸ ਵਿਚਲਾ ਮੈਗਨੀਸ਼ੀਅਮ ਵੀ ਚੁੱਪ ਚੁਪੀਤੇ ਸਰੀਰ ਅੰਦਰ ਜਾ ਕੇ ਕਈ ਹਾਰਮੋਨਾਂ ਤੇ ਐਨਜ਼ਾਈਮਜ਼ ਦਾ ਕੰਮ ਕਾਰ ਸਹੀ ਕਰ ਦਿੰਦਾ ਹੈ । ਇਸ ਵਿਚਲੇ ਫਾਈਟੋਨਿਊਟਰੀਐਂਟ ਅਤੇ ਫਲੇਵੋਨਾਈਡ ਜੋ ਕੁਦਰਤ ਨੇ ਤੁੰਨ ਤੁੰਨ ਕੇ ਭਰੇ ਹਨ, ਅਸੀਂ ਲਗਭਗ ਮੁਫਤੋ ਮੁਫਤ ਖਾਈ ਜਾ ਰਹੇ ਹਾਂ ਤੇ ਇਸ ਦੀ ਅਹਿਮੀਅਤ ਨਹੀਂ ਸਮਝ ਰਹੇ ਕਿ ਕੁਦਰਤੀ ਚੀਜ਼ਾਂ ਕਿੰਨੀਆਂ ਫਾਇਦੇਮੰਦ ਹੁੰਦੀਆਂ ਹਨ । ਇਹੀ ਫਲੇਵੋਨਾਇਡ ਜਦੋਂ ਚਮੜੀ ਜਾਂ ਦਿਲ ਲਈ ਡਾਕਟਰ ਦੇ ਕਹੇ ਉੱਤੇ 40 ਰੁਪਏ ਰੋਜ਼ ਦਾ ਕੈਪਸੂਲ ਖਰੀਦ ਕੇ ਖਾਧਾ ਜਾਏ ਤਾਂ ਅਸੀਂ ਸੁਰੱਖਿਅਤ ਮਹਿਸੂਸ ਕਰਨ ਲੱਗ ਪੈਂਦੇ ਹਾਂ ਕਿ ਖੌਰੇ ਕਿੰਨੀ ਅਨੋਖੀ ਚੀਜ਼ ਖਾਧੀ ਗਈ ਤੇ ਪਤਾ ਨਹੀਂ ਇਸਨੇ ਕੀ ਜਾਦੂ ਕਰ ਦੇਣਾ ਹੈ ।

ਕਮਾਲ ਤਾਂ ਇਹ ਵੇਖੋ ਕਿ ਲਗਾਤਾਰ ਚੱਲ ਰਹੀਆਂ ਖੋਜਾਂ ਵੀ ਇਹ ਸਾਬਤ ਕਰ ਰਹੀਆਂ ਹਨ ਕਿ ਧਨੀਆਂ ਸਰੀਰ ਅੰਦਰ ਲੰਘ ਚੁੱਕੇ ਮਾੜੇ ਅੰਸ਼-ਹੈਵੀ ਮੈਟਲ ਜਿਵੇਂ ਲੈੱਡ (ਸਿੱਕਾ), ਆਰਸੈਨਿਕ, ਮਰਕਰੀ (ਪਾਰਾ) ਆਦਿ ਨਾਲ ਜੁੜ ਕੇ ਉਨ੍ਹਾਂ ਦੀ ਕੁੱਝ ਮਾਤਰਾ ਨੂੰ ਸਰੀਰ ਵਿਚੋਂ ਬਾਹਰ ਕੱਢਣ ਦਾ ਵੀ ਯਤਨ ਕਰਦਾ ਹੈ । ਇਹ ਹੀ ਨਹੀਂ ਬਲਕਿ ਸਾਲਮੋਨੈਲਾ ਕੀਟਾਣੂ, ਜੋ ਆਮ ਹੀ ਖਾਣੇ ਵਿਚ ਘੁਸ ਕੇ ਖਾਣਾ ਜ਼ਹਿਰੀਲਾ ਵੀ ਕਰਦੇ ਹਨ ਤੇ ਟਾਈਫਾਈਡ ਵਰਗਾ ਰੋਗ ਵੀ ਕਰਦੇ ਹਨ, ਨੂੰ ਕਾਬੂ ਕਰਨ ਵਿਚ ਵੀ ਧਨੀਆ ਥੋੜ੍ਹਾ ਬਹੁਤ ਰੋਲ ਅਦਾ ਕਰਦਾ ਹੈ । ਕੁਦਰਤ ਵਲੋਂ ਹੋਈ ਬਖਸ਼ਿਸ਼ ਸਦਕਾ ਧਨੀਆ ਆਪਣੇ ਇਕ ਹੋਰ ਗੁਣ ਵੀ ਸਮੋਈ ਬੈਠਾ ਹੈ । ਇਹ ਜੋੜਾਂ ਅੰਦਰਲੀ ਸੋਜ਼ਿਸ਼ ਘਟਾ ਕੇ ਥੋੜ੍ਹਾ ਬਹੁਤ ਆਰਥਰਾਈਟਿਸ ਦੇ ਮਰੀਜ਼ਾਂ ਨੂੰ ਵੀ ਫਾਇਦਾ ਪਹੁੰਚਾ ਦਿੰਦਾ ਹੈ । ਸਰੀਰ ਅੰਦਰੋਂ ਕੀਟਾਣੂਆਂ ਨੂੰ ਬਾਹਰ ਕੱਢਣ ਲਈ ਪਿਸ਼ਾਬ ਰਾਹੀਂ ਪੂਰਾ ਜ਼ੋਰ ਲਾਉਂਦਾ ਇਹ ਧਨੀਆ ਕਈ ਵਾਰ ਪਿਸ਼ਾਬ ਦੇ ਰਸਤੇ ਵਿਚ ਵੀ ਕੀਟਾਣੂਆਂ ਵਲੋਂ ਹਮਲਾ ਬੋਲਣ ਵਿਚ ਰੋਕ ਲਾਉਂਦਾ ਹੈ ।

ਇਹ ਵੀ ਕੋਈ ਜ਼ਰੂਰੀ ਨਹੀਂ ਕਿ ਸਿਰਫ ਸਬਜ਼ੀਆਂ ਦਾਲਾਂ ਉੱਤੇ ਹੀ ਧੂੜਨਾ ਹੈ ਪਰੌਂਠੀ ਵਿਚ ਪਾ ਕੇ ਖਾਣਾ ਹੈ, ਆਪਣੇ ਜੀਭ ਦੇ ਸੁਆਦ ਨੂੰ ਰਵਾਂ ਰੱਖਣ ਲਈ ਅਦਰਕ, ਲਸਣ, ਹਰੀ ਮਿਰਚ ਤੇ ਮੁੰਗਫਲੀ ਦੇ ਦਾਣਿਆਂ ਵਿਚ ਤਾਜ਼ੇ ਧਨੀਏ ਦੇ ਪੱਤੇ ਰਲਾ ਕੇ ਮਿਕਸੀ ਵਿਚ ਘੋਟ ਲਵੋ । ਵੇਖੋ ਫਿਰ ਹਰੀ ਚਟਨੀ ਦਾ ਅਨੰਦ ਇਕ ਪਾਸੇ ਤੇ ਸਰੀਰ ਰੋਗ ਮੁਕਤ ਨਾਲੋ ਨਾਲ ਦੂਜੇ ਪਾਸੇ । ਫੇਰ ਹੁਣ ਕੀ ਉਡੀਕਦੇ ਹੋ ? ਅਜ਼ਮਾਉਣਾ ਸ਼ੁਰੂ ਕਰੋ ਤੇ ਰੇੜ੍ਹੀ ਵਾਲੇ ਤੋਂ ਸਬਜ਼ੀ ਦੇ ਨਾਲ ਧੰਨਵਾਦ ਸਹਿਤ ਧਨੀਏ ਦੀ ਗੁੱਛੀ ਲੈਣਾ ਨਾ ਭੁੱਲਿਓ । ਨਾਲ ਦੀ ਨਾਲ ਇਹ ਵੀ ਖਿਆਲ ਕਰਿਓ ਕਿ ਵਾਧੂ ਜਿਹੀਆਂ ਮੁਫਤ, ਸਜਾਵਟੀ ਲੱਗਣ ਵਾਲੀਆਂ, ਸਬਜ਼ੀਆਂ ਨਾਲ ਮਿਲ ਰਹੀਆਂ ਇਹ ਧਨੀਏ ਦੀਆਂ ਗੁੱਛੀਆਂ ਵਿਚ ਜੇ ਏਨੇ ਸਾਰੇ ਗੁਣਕਾਰੀ ਤੱਤ ਹਨ ਤਾਂ ਹੋਰ ਸਬਜ਼ੀਆਂ ਵਿਚ ਕੀ ਕਮਾਲ ਭਰਿਆ ਹੋਇਆ । ਇਸੇ ਲਈ ਸਬਜ਼ੀਆਂ ਨੂੰ ਰੋਜ਼ਾਨਾ ਦੀ ਖੁਰਾਕ ਦਾ ਜ਼ਰੂਰੀ ਅੰਸ਼ ਬਣਾਉਣ ਦੀ ਲੋੜ ਹੈ । ਖਾਸ ਕਰ ਬੱਚਿਆਂ ਲਈ ਜੋ ਫਾਸਟ ਫੂਡਜ਼ ਵੱਲ ਰੁੱਝੇ ਸਬਜ਼ੀਆਂ ਖਾਣ ਤੋਂ ਉੱਕਾ ਹੀ ਇਨਕਾਰੀ ਹੋਏ ਪਏ ਹਨ । ਜੇ ਬੱਚੇ ਇਸ ਕੁਦਰਤੀ ਸੌਗਾਤ ਨੂੰ ਬਿਲਕੁਲ ਵੀ ਮੂੰਹ ਨਾ ਲਾ ਰਹੇ ਹੋਣ ਤਾਂ ਆਟੇ ਵਿਚ ਸਬਜ਼ੀਆਂ ਗੁੰਨ੍ਹ ਕੇ ਮਿੱਸਾ ਪਰੌਂਠਾ ਹੀ ਬਣਾ ਦੇਣ ਨਾਲ ਕੁਝ ਫਾਇਦਾ ਤਾਂ ਜ਼ਰੂਰ ਲਿਆ ਹੀ ਜਾ ਸਕਦਾ ਹੈ ।

- ਡਾ. ਹਰਸ਼ਿੰਦਰ ਕੌਰ, ਐਮ. ਡੀ. ਬੱਚਿਆਂ ਦੀ ਮਾਹਿਰ, 28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ । (ਫੋਨ : 0175-2216783)




# ਕਣਕ ਦੀ ਕਾਸ਼ਤ ਲਈ ਸਰਕਾਰ ਕਿਸਾਨਾਂ ਦੀ ਮਦਦ ਕਰੇ



ਭਗਵਾਨ ਦਾਸ

ਕਿਸਾਨੀ ਗੰਭੀਰ ਸੰਕਟ ਵਿੱਚ ਹੈ ਤੇ ਕਿਸਾਨਾਂ ਦੀ ਮਾਲੀ ਹਾਲਤ ਬੇਹੱਦ ਖ਼ਸਤਾ ਹੈ । ਖ਼ਰੀਫ਼ ਦੀਆਂ ਫ਼ਸਲਾਂ ਝੋਨਾ ਤੇ ਬਾਸਮਤੀ ਦੇ ਝਾੜ ਦੀ ਕਮੀ ਨੇ ਤਾਂ ਕਿਸਾਨਾਂ ਦਾ ਲੱਕ ਹੀ ਤੋੜ ਦਿੱਤਾ ਹੈ। ਹੜ੍ਹਾਂ 'ਤੇ ਕਾਬੂ ਪਾਉਣਾ ਅਤੇ ਬਿਮਾਰੀਆਂ ਦੇ ਇਲਾਜ 'ਤੇ ਬੇਤਹਾਸ਼ਾ ਖ਼ਰਚ ਹੋਣ ਨਾਲ ਫ਼ਸਲਾਂ 'ਤੇ ਹੋਣ ਵਾਲਾ ਖ਼ਰਚਾ ਬਹੁਤ ਵੱਧ ਗਿਆ ਹੈ। ਉਤਪਾਦਕਤਾ ਵਿੱਚ ਜ਼ਬਰਦਸਤ ਕਮੀ ਆਈ ਹੈ। ਔਸਤਨ ਝੋਨਾ 15 ਕੁਇੰਟਲ ਪ੍ਰਤੀ ਏਕੜ ਮਸਾਂ ਹੀ ਨਿਕਲ ਰਿਹਾ ਹੈ, ਜਦਕਿ ਪਿਛਲੇ ਸਾਲਾਂ ਦੌਰਾਨ ਇਸ ਦਾ ਝਾੜ 40 ਕੁਇੰਟਲ ਪ੍ਰਤੀ ਏਕੜ ਤੱਕ ਵੀ ਰਿਹਾ ਹੈ । ਔਸਤਨ 30 ਤੋਂ 35 ਕੁਇੰਟਲ ਪ੍ਰਤੀ ਏਕੜ ਤੱਕ ਤਾਂ ਫ਼ਸਲ ਹੁੰਦੀ ਹੀ ਸੀ। ਮੰਡੀ ਵਿੱਚ ਘੱਟੋ-ਘੱਟ ਸਹਾਇਕ ਕੀਮਤ ਝੋਨੇ ਦੀ 2,389 ਰੁਪਏ ਕੁਇੰਟਲ ਵੀ ਕਿਸਾਨਾਂ ਨੂੰ ਨਹੀਂ ਮਿਲ ਰਹੀ । ਨਮੀ ਮੁਕੱਰਰ 17% ਤੋਂ ਜ਼ਿਆਦਾ ਹੋਣ ਕਾਰਨ ਨਿੱਜੀ ਮਿੱਲਾਂ ਵਾਲੇ ਤੇ ਆੜ੍ਹਤੀਏ ਇਸ ਨੂੰ ਐਮ. ਐਸ. ਪੀ. ਵਿੱਚ ਕੱਟ ਲਾ ਕੇ ਖ਼ਰੀਦ ਰਹੇ ਹਨ । ਸਰਕਾਰੀ ਏਜੰਸੀਆਂ ਵੀ ਨਮੀ ਜ਼ਿਆਦਾ ਹੋਣ ਕਾਰਨ ਸਮਰੱਥਨ ਮੁੱਲ 'ਤੇ ਝੋਨਾ ਲੈਣ ਨੂੰ ਤਿਆਰ ਨਹੀਂ। ਬਾਸਮਤੀ ਦਾ ਤਾਂ ਸਮਰੱਥਨ ਮੁੱਲ ਹੈ ਹੀ ਨਹੀਂ । ਪੂਸਾ ਬਾਸਮਤੀ 1509 ਜੋ ਮੰਡੀਆਂ ਵਿੱਚ ਹੁਣ ਤੱਕ ਆਈ ਹੈ, ਪਿਛਲੇ ਸਾਲ ਨਾਲੋਂ 1000 ਤੋਂ 1500 ਰੁਪਏ ਪ੍ਰਤੀ ਕੁਇੰਟਲ ਘੱਟ ਭਾਅ 'ਤੇ ਵਿਕੀ ਸੀ ਤੇ ਝਾੜ 8-10 ਕੁਇੰਟਲ ਪ੍ਰਤੀ ਏਕੜ ਤੱਕ ਰਿਹਾ । ਕਿਸਾਨਾਂ ਦਾ ਕਹਿਣਾ ਹੈ ਕਿ ਇਸ ਨਾਲ ਖ਼ਰਚੇ ਵੀ ਪੂਰੇ ਨਹੀਂ ਹੋਏ ।

ਪੰਜਾਬ ਸਰਕਾਰ ਵਲੋਂ ਕੇਂਦਰ ਨੂੰ ਝੋਨੇ ਦੀ ਖ਼ਰੀਦ ਸੰਬੰਧੀ ਮਾਪਦੰਡਾਂ ਜਿਵੇਂ ਕਿ ਨਮੀ 17 ਫ਼ੀਸਦੀ ਬਦਰੰਗੇ ਤੇ ਖ਼ਰਾਬ ਹੋਏ ਦਾਣਿਆਂ ਦੀ ਮਿਕਦਾਰ 5 ਫ਼ੀਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ ਵਿੱਚ ਢਿੱਲ ਦੇਣ ਲਈ ਕਿਹਾ ਗਿਆ ਹੈ । ਭਾਵੇਂ ਮੁੱਖ ਮੰਤਰੀ ਭਗਵੰਤ ਮਾਨ ਨੇ 170 ਲੱਖ ਟਨ ਝੋਨਾ ਕੇਂਦਰ ਦੇ ਅੰਨ ਭੰਡਾਰ ਵਿੱਚ ਦੇਣ ਲਈ ਹਾਲ ਹੀ ਵਿੱਚ ਕਿਹਾ ਹੈ ਪਰ ਜੋ ਮੰਡੀਆਂ ਵਿੱਚ ਹੁਣ ਤੱਕ ਲਗਭਗ 75 ਲੱਖ ਟਨ ਤੱਕ ਝੋਨੇ ਦੀ ਆਮਦ ਹੋਈ ਹੈ, ਉਸ ਦੇ ਮੱਦੇਨਜ਼ਰ ਇਹ ਨਿਸ਼ਾਨਾ ਪੂਰਾ ਹੋਣਾ ਸੰਭਵ ਨਜ਼ਰ ਨਹੀਂ ਆਉਂਦਾ । ਭਾਵੇਂ ਝੋਨੇ ਦੀ ਕਟਾਈ ਦੇਰੀ ਨਾਲ ਹੋ ਰਹੀ ਹੈ ਪਰ ਉਤਪਾਦਕਤਾ ਘਟਣ ਕਾਰਨ ਖ਼ਰੀਦ ਦੇ ਨਿਸ਼ਾਨੇ ਦੀ ਪੂਰਤੀ ਸੰਭਵ ਨਹੀਂ ।

ਕੇਂਦਰ ਨੂੰ ਭਾਵੇਂ ਪੰਜਾਬ ਤੋਂ ਝੋਨੇ ਦੀ ਖ਼ਰੀਦ ਦਾ ਨਿਸ਼ਾਨਾ ਪੂਰਾ ਨਾ ਹੋਣ ਦਾ ਏਨਾ ਅਹਿਸਾਸ ਨਾ ਹੋਵੇ, ਕਿਉਂਕਿ ਸਰਕਾਰ ਦੀਆਂ ਏਜੰਸੀਆਂ ਕੋਲ ਲੋੜ ਤੋਂ ਚਾਰ ਗੁਣਾ ਵੱਧ ਚੌਲਾਂ ਦਾ ਜ਼ਖੀਰਾ ਪਿਆ ਹੈ ਅਤੇ ਦੇਸ਼ ਵਿੱਚ ਝੋਨੇ ਦੀ ਕਾਸ਼ਤ ਥੱਲੇ ਰਕਬਾ ਵੀ 44.2 ਮਿਲੀਅਨ ਹੈਕਟੇਅਰ ਹੋ ਗਿਆ, ਜੋ ਪਿਛਲੇ ਸਾਲਾਂ ਨਾਲੋਂ ਵੱਧ ਹੈ । ਕੇਂਦਰੀ ਏਜੰਸੀਆਂ ਕੋਲ ਇਹ ਭੰਡਾਰ ਜਨਤਕ ਵੰਡ ਪ੍ਰਣਾਲੀ ਤੇ ਪ੍ਰਧਾਨ ਮੰਤਰੀ ਵਲੋਂ ਜਾਰੀ ਕੀਤੀਆਂ ਗਈਆਂ ਹੋਰ ਯੋਜਨਾਵਾਂ ਤਹਿਤ ਦਿੱਤੇ ਜਾਣ ਵਾਲੇ ਚੌਲਾਂ ਨਾਲੋਂ ਜ਼ਿਆਦਾ ਹੈ । ਕਣਕ ਦੀ ਵੀ ਬਹੁਤਾਤ ਹੈ । ਸਰਕਾਰੀ ਭੰਡਾਰ ਵਿੱਚ ਪਹਿਲੀ ਅਕਤੂਬਰ ਨੂੰ 320 ਲੱਖ ਟਨ ਤੋਂ ਵੱਧ ਕਣਕ ਪਈ ਸੀ । ਮੱਕੀ ਦੀ ਕਾਸ਼ਤ ਥੱਲੇ ਵੀ ਰਕਬੇ ਵਿੱਚ ਵਾਧਾ ਹੋਇਆ ਹੈ । ਇਹ 8.4 ਮਿਲੀਅਨ ਹੈਕਟੇਅਰ ਤੋਂ ਵੱਧ ਕੇ ਇਸ ਸਾਲ 9.5 ਮਿਲੀਅਨ ਹੈਕਟੇਅਰ ਹੋ ਗਿਆ ।

ਇਸ ਵੇਲੇ ਜਦੋਂ ਕਣਕ ਦੀ ਬਿਜਾਈ ਸ਼ੁਰੂ ਹੋ ਗਈ ਹੈ ਤਾਂ ਵੀ ਡੀ.ਏ.ਪੀ. ਦਾ ਨਾ ਮਿਲਣਾ ਵੀ ਕਿਸਾਨਾਂ ਲਈ ਇੱਕ ਵੱਡੀ ਸਮੱਸਿਆ ਹੈ, ਜਿਸ ਕਾਰਨ ਕਣਕ ਦੀ ਬਿਜਾਈ ਵਿੱਚ ਦੇਰੀ ਹੋ ਰਹੀ ਹੈ । ਲੰਘੀ 25 ਅਕਤੂਬਰ ਨੂੰ ਡੀ.ਏ.ਪੀ. ਕਿਤੇ ਵੀ ਉਪਲੱਬਧ ਨਹੀਂ ਸੀ, ਜਦਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਣਕ ਦੀ ਬਿਜਾਈ ਦੇ ਸ਼ੁਰੂ ਵਿੱਚ ਹੀ ਡੀ. ਏ. ਪੀ. ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਡੀਲਰਾਂ ਤੇ ਵਪਾਰੀਆਂ ਕੋਲ ਕਣਕ ਦਾ ਬੀਜ ਅਣਵਿਕਿਆ ਪਿਆ ਹੈ, ਕਿਉਂਕਿ ਬਿਜਾਈ ਸ਼ੁਰੂ ਨਹੀਂ ਹੋਈ। ਕਿਸਾਨਾਂ ਕੋਲ ਖ਼ਰੀਦ ਸ਼ਕਤੀ ਨਹੀਂ, ਜ਼ਰੂਰੀ ਖੇਤੀ ਸਮੱਗਰੀ ਤੇ ਡੀ. ਏ. ਪੀ. ਉਪਲਬਧ ਨਹੀਂ।

ਡੀ. ਏ. ਪੀ. ਦੇ ਬਦਲ ਜੋ ਕੰਪਲੈਕਸ ਫਰਟੀਲਾਈਜ਼ਰਜ਼ ਦੇ ਰੂਪ ਵਿੱਚ ਉਪਲਬਧ ਹਨ, ਕਿਸਾਨ ਉਨ੍ਹਾਂ ਨੂੰ ਵਰਤਣ ਤੋਂ ਗੁਰੇਜ਼ ਕਰਦੇ ਹਨ, ਕਿਉਂਕਿ ਇਹ ਡੀ.ਏ.ਪੀ. ਦੇ ਮੁਕਾਬਲੇ ਮਹਿੰਗੇ ਪੈਂਦੇ ਹਨ ਤੇ ਕੁਝ ਕਿਸਾਨਾਂ ਦੇ ਤਜ਼ਰਬਿਆਂ ਦੇ ਆਧਾਰ 'ਤੇ ਇਨ੍ਹਾਂ ਦੇ ਨਤੀਜੇ ਡੀ.ਏ.ਪੀ. ਦੇ ਬਰਾਬਰ ਨਹੀਂ ।

ਆਮ ਕਿਸਾਨਾਂ ਦੀ ਹਾਲਤ ਤਾਂ ਖ਼ਰਾਬ ਹੈ ਹੀ ਪਰ ਛੋਟੇ ਤੇ ਪਟੇਦਾਰ ਕਿਸਾਨਾਂ ਦੀ ਸਥਿਤੀ ਹੋਰ ਵੀ ਮਾੜੀ ਹੈ। ਏਕੜ ਵਿੱਚੋਂ ਉਨ੍ਹਾਂ ਦਾ ਪੂਰੀ ਮਿਹਨਤ ਕਰਕੇ ਬਿਮਾਰੀਆਂ, ਹੜ੍ਹਾਂ ਤੇ ਮੀਂਹਾਂ ਨਾਲ ਹੋਏ ਨੁਕਸਾਨ ਕਾਰਨ ਝਾੜ 15 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਨਹੀਂ ਨਿਕਲ ਰਿਹਾ । ਉਸ ਦੀ ਵੱਟਤ ਮਸਾਂ 35,000 ਰੁਪਏ ਹੋ ਰਹੀ ਹੈ । ਪਟੇਦਾਰ 30 ਤੋਂ 35 ਹਜ਼ਾਰ ਰੁਪਏ ਪ੍ਰਤੀ ਸੀਜ਼ਨ ਇੱਕ ਏਕੜ ਦਾ ਠੇਕਾ ਦਿੰਦੇ ਹਨ । ਇਸ ਤਰ੍ਹਾਂ ਉਹ ਘਾਟੇ ਵਿੱਚ ਜਾ ਰਹੇ ਹਨ। ਉਹ ਕਣਕ ਦੀ ਬਿਜਾਈ ਵੀ ਵਧੀਆ ਖਾਦ ਤੇ ਬੀਜ ਵਰਤ ਕੇ ਕਰਨ ਤੋਂ ਅਸਮਰੱਥ ਹਨ । ਆੜ੍ਹਤੀਏ ਤੇ ਵੱਡੇ ਜ਼ਿਮੀਦਾਰ ਉਨ੍ਹਾਂ ਨੂੰ ਉਧਾਰ ਨਹੀਂ ਦਿੰਦੇ ਤੇ ਨਾ ਹੀ ਕਰਜ਼ਾ ਦਿੰਦੇ ਹਨ । ਕੋਈ ਦਸਤਾਵੇਜ਼ ਨਾ ਹੋਣ ਕਾਰਨ ਬੈਂਕ ਵੀ ਉਨ੍ਹਾਂ ਨੂੰ ਕਰਜ਼ਾ ਦੇਣ ਤੋਂ ਟਾਲਾ ਵੱਟਦੇ ਹਨ । ਇਨ੍ਹਾਂ ਕਿਸਾਨਾਂ ਨੂੰ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਵੀ ਉਪਲੱਬਧ ਨਹੀਂ । ਇਨ੍ਹਾਂ ਕਿਸਾਨਾਂ ਕੋਲ ਵਿਗਿਆਨਕ ਖੇਤੀ ਕਰਨ ਲਈ ਮਸ਼ੀਨਾਂ ਤੇ ਸਰਕਾਰੀ ਸਹਾਇਤਾ ਉਪਲੱਬਧ ਨਹੀਂ । ਮਿਹਨਤ ਵੱਧ ਕਰਨ ਦੇ ਬਾਵਜੂਦ ਵੀ ਇਨ੍ਹਾਂ ਦੀ ਉਤਪਾਦਕਤਾ 'ਤੇ ਪ੍ਰਤੀ ਏਕੜ ਝਾੜ ਘੱਟ ਆਉਂਦੇ ਹਨ । ਇਸ ਸ਼੍ਰੇਣੀ ਦੇ ਕਿਸਾਨਾਂ ਨੂੰ ਨਵਾਂ ਗਿਆਨ ਤੇ ਨਵੇਂ ਬੀਜ ਉਪਲਬਧ ਕਰਨੇ ਜ਼ਰੂਰੀ ਹਨ । ਖੇਤੀ ਪ੍ਰਸਾਰ ਸੇਵਾ ਉਨ੍ਹਾਂ ਦੇ ਕੋਲ ਪਹੁੰਚੇ ਅਤੇ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਤੇ ਸਹੂਲਤਾਂ ਇਨ੍ਹਾਂ ਕਿਸਾਨਾਂ ਨੂੰ ਵਿਸ਼ੇਸ਼ ਤੌਰ 'ਤੇ ਉਪਲਬਧ ਹੋਣ ।

ਇਨ੍ਹਾਂ ਨੂੰ ਮਾਹਿਰਾਂ ਦੀ ਮਤਵਾਤਰ ਅਗਵਾਈ ਮਿਲਣੀ ਚਾਹੀਦੀ ਹੈ, ਤਾਂ ਕਿ ਇਨ੍ਹਾਂ ਦੀ ਹਾਲਤ ਵਿੱਚ ਸੁਧਾਰ ਆ ਸਕੇ। ਮੀਹਾਂ, ਹੜ੍ਹਾਂ ਤੇ ਬਿਮਾਰੀਆਂ ਦੇ ਮੱਦੇਨਜ਼ਰ ਜੋ ਝੋਨੇ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ, ਉਸ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ ਮੰਡੀਆਂ ਵਿੱਚ ਝੋਨੇ ਦੀ ਯੋਗ ਕੀਮਤ ਕਿਸਾਨਾਂ ਨੂੰ ਦਿਵਾਈ ਜਾਵੇ ਅਤੇ ਕਣਕ ਦੀ ਬਿਜਾਈ ਲਈ ਸਭ ਕਿਸਮ ਦੀ ਇਮਦਾਦ ਮੁਹੱਈਆ ਕਰਵਾ ਕੇ ਇਨ੍ਹਾਂ ਦੀ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ ।

# ਸਰਦੀਆਂ ਵਿੱਚ ਇੰਝ ਕਰੋ ਬਾਗਾਂ ਦੀ ਦੇਖਭਾਲ

ਅਰਵਿੰਦ ਪ੍ਰੀਤ ਕੌਰ ਅਤੇ ਹਰਸਿਮਰਤ ਕੌਰ ਬੌਂਸ, ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ੍ਹ ਸਾਹਿਬ (ਮੋਬਾਇਲ : 94937-28095)

**ਅਕਤੂਬਰ ਮਹੀਨੇ ਤੋਂ ਬਾਅਦ ਤਾਪਮਾਨ ਵਿੱਚ ਆਉਣ ਵਾਲੀ ਗਿਰਾਵਟ ਕਾਰਨ ਬਾਗਾਂ ਵਿੱਚ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਘੱਟ ਜਾਂਦਾ ਹੈ ਅਤੇ ਨਾਲ ਹੀ ਬਹੁਤ ਸਾਰੇ ਫਲਦਾਰ ਬੂਟਿਆਂ ਖ਼ਾਸ ਤੌਰ ਤੇ ਕਿੰਨੂ, ਮਿੱਠੇ ਸੰਤਰੇ, ਗਰੇਪਫਰੂਟ, ਡੇਜ਼ੀ, ਆਂਵਲਾ, ਆਦਿ ਫ਼ਲਾਂ ਨਾਲ ਭਰ ਜਾਂਦੇ ਹਨ । ਲੋਕਾਠ ਅਤੇ ਬੇਰ ਦੇ ਬੂਟਿਆਂ ਤੇ ਫੁੱਲ ਪੂਰੇ ਜੋਬਨ ਤੇ ਹੁੰਦੇ ਹਨ । ਪੱਤਝੜ ਵਾਲੇ ਬੂਟੇ ਜਿਵੇਂ ਕਿ ਨਾਸ਼ਪਤੀ, ਆੜੂ, ਅੰਗੂਰ, ਅਨਾਰ, ਅਲੂਚਾ ਫਾਲਸਾ ਅਤੇ ਅੰਜੀਰ ਅਕਤੂਬਰ ਦੇ ਅਖੀਰ ਵਿੱਚ ਸਥਿਲ ਅਵੱਸਥਾ ਵਿੱਚ ਜਾਣ ਦੇ ਲੱਛਣ ਦਿਖਾਉਣੇ ਸ਼ੁਰੂ ਕਰ ਦਿੰਦੇ ਹਨ । ਇਹ ਮਹੀਨਾ ਬਾਗਾਂ ਦੀ ਵਹਾਈ, ਹਵਾ ਰੋਕੂ ਵਾੜ ਦੀ ਕਾਂਟ-ਛਾਂਟ, ਖ਼ੁਰਾਕੀ ਪ੍ਰਬੰਧਨ, ਹਾੜ੍ਹੀ ਦੀਆਂ ਫ਼ਸਲਾਂ ਦੀ ਅੰਤਰ ਕਾਸ਼ਤ ਅਤੇ ਕੁਝ ਫ਼ਲਾਂ ਦੀ ਤੁੜਾਈ ਅਤੇ ਮੰਡੀਕਰਨ ਲਈ ਬਹੁਤ ਹੀ ਢੁੱਕਵਾਂ ਹੈ ।**

### ੳ) ਫਲਾਂ ਦੇ ਬੂਟੇ ਲਗਾਉਣਾ

ਸਦਾਬਹਾਰ ਫਲਾਂ ਦੇ ਬੂਟੇ ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਤੱਕ ਲਗਾਏ ਜਾ ਸਕਦੇ ਹਨ। ਕੁਝ ਕਿਸਾਨ ਆਮ ਤੌਰ 'ਤੇ ਝੋਨੇ ਦੀ ਵਾਢੀ ਤੋਂ ਬਾਅਦ ਅਤੇ ਫਲਾਂ ਦੇ ਬੂਟੇ ਲਗਾਉਣ ਦੇ ਸਮੇਂ ਤੋਂ ਬਾਅਦ ਬਾਗਾਂ ਦੀ ਸਥਾਪਨਾ ਕਰਦੇ ਹਨ । ਅਜਿਹੇ ਸਮੇਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਨਵੇਂ ਬਾਗ ਦੀ ਸਥਾਪਨਾ ਲਈ ਉਸ ਜ਼ਮੀਨ ਤੇ ਝੋਨੇ ਦੀ ਕਾਸ਼ਤ ਨਾ ਕੀਤੀ ਜਾਵੇ ਤਾਂ ਜੋ ਸਾਰੀਆਂ ਲੋੜੀਂਦੀਆਂ ਤਿਆਰੀਆਂ ਸਹੀ ਢੰਗ ਨਾਲ ਕੀਤੀਆਂ ਜਾ ਸਕਣ । ਬਰਸਾਤ ਦੇ ਮੌਸਮ ਦੌਰਾਨ ਲਗਾਏ ਗਏ ਫਲਦਾਰ ਦੇ ਬੂਟਿਆਂ ਦੇ ਨਾਗੇ ਵੀ ਇਸੇ ਮਹੀਨੇ ਭਰੇ ਜਾ ਸਕਦੇ ਹਨ । ਲੀਚੀ, ਬੇਰ ਅਤੇ ਪਪੀਤੇ ਦੇ ਪੌਦੇ ਅਕਤੂਬਰ ਦੇ ਅੱਧ ਤੱਕ ਲਗਾਏ ਜਾ ਸਕਦੇ ਹਨ ।

### ਅ) ਫਲਾਂ ਦੇ ਬੂਟਿਆਂ ਦੀ ਦੇਖਭਾਲ ਅਤੇ ਪ੍ਰਬੰਧਨ

★ ਨਵੇਂ ਲਗਾਏ ਗਏ ਫ਼ਲਦਾਰ ਬੂਟਿਆਂ ਵਿੱਚ ਪਿਉਂਦ ਤੋਂ ਹੇਠਾਂ ਹੋਣ ਵਾਲੇ ਫੁਟਾਰੇ ਨੂੰ ਨਿਯਮਤ ਤੌਰ 'ਤੇ ਹਟਾਇਆ ਜਾਣਾ ਚਾਹੀਦਾ ਹੈ, ਤਾਂ ਜੋ ਫਲਾਂ ਦੇ ਬੂਟਿਆਂ ਦੀ ਸਹੀ ਕਿਸਮ ਦਾ ਵਾਧਾ ਹੋ ਸਕੇ । ਨਿੰਬੂ ਜਾਤੀ ਦੇ ਮਾਮਲੇ ਵਿੱਚ ਸਮੱਸਿਆ ਵਧੇਰੇ ਗੰਭੀਰ ਹੁੰਦੀ ਹੈ, ਕਿਉਂਕਿ ਨਿੰਬੂ, ਮਾਲਟਾ, ਸੰਤਰੇ ਅਤੇ ਕਿੰਨੂ ਦੇ ਬੂਟੇ ਆਮ ਤੌਰ ਜੱਟੀ ਖੱਟੀ ਜੜ੍ਹ-ਮੁੱਢ ਤੇ ਤਿਆਰ ਕੀਤੇ ਜਾਂਦੇ ਹਨ । ਇਸ ਲਈ ਜੜ੍ਹ-ਮੁੱਢ ਵਾਲੇ ਹਿੱਸੇ ਤੋਂ ਪੈਦਾ ਹੋਣ ਵਾਲੇ ਫੁਟਾਰੇ ਨੂੰ ਹਟਾਉਣਾ ਬਹੁਤ ਜ਼ਰੂਰੀ ਹੈ ।

★ ਨਵੇਂ ਲਗਾਏ ਬੂਟਿਆਂ ਨੂੰ ਸ਼ੁਰੂਆਤੀ ਦੌਰ ਵਿੱਚ ਸੋਟੀ ਨਾਲ ਸਹਾਰਾ ਲਗਾਉਣਾ ਚਾਹੀਦਾ ਹੈ ਤਾਂ ਜੋ ਬੂਟੇ ਦੇ ਮਜ਼ਬੂਤ ਢਾਂਚੇ ਦੇ ਵਿਕਾਸ ਦੇ ਉਦੇਸ਼ ਦੀ ਪੂਰਤੀ ਹੋ ਸਕੇ । ਕੁਝ ਮਹੀਨਿਆਂ ਬਾਅਦ ਸਹਾਰੇ ਨੂੰ ਹਟਾਉਣ ਜਾਂ ਢਿੱਲਾ ਕਰਨ ਦਾ ਧਿਆਨ ਰੱਖਣਾ ਚਾਹੀਦਾ ਹੈ, ਤਾਂ ਜੋ ਤਣੇ ਅਤੇ ਟਹਿਣੀਆਂ ਨੂੰ ਕੱਸਣ ਤੋਂ ਬਚਾਇਆ ਜਾ ਸਕੇ ।

★ ਸਿਉਂਕ ਦੇ ਬਚਾਉ ਲਈ ਕਲੋਰੋਪਾਈਰੀਫਾਸ 15 ਮਿਲੀਲੀਟਰ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਪਾਉ । ਨਵੇਂ ਲਗਾਏ ਬਾਗਾਂ ਵਿੱਚ ਹਲਕੀ ਅਤੇ ਵਾਰ-ਵਾਰ ਸਿੰਚਾਈ ਕਰੋ । ਬੂਟਿਆਂ ਦੇ ਮੁੱਖ ਤਣੇ ਦੇ ਆਲ-ਦੁਆਲੇ ਪਾਣੀ ਨੂੰ ਰੁਕਣ ਨਾ ਦਿਓ ।

### ੲ) ਸਿਧਾਈ ਅਤੇ ਕਾਂਟ-ਛਾਂਟ

ਭਾਵੇਂ ਇਹ ਮਹੀਨਾ ਫਲਾਂ ਅਤੇ ਪੌਦਿਆਂ ਦੀ ਕਾਂਟ-ਛਾਂਟ ਲਈ ਢੁਕਵਾਂ ਨਹੀਂ ਹੈ, ਪਰ ਫਿਰ ਵੀ ਫਲਦਾਰ ਬੂਟੇ ਜਿਵੇਂ ਕਿ ਬੇਰ, ਨਿੰਬੂ ਜਾਤੀ ਅਤੇ ਹੋਰ ਫਲਦਾਰ ਦਰੱਖਤਾਂ ਨੂੰ ਹਨੇਰੀ ਅਤੇ ਗੜ੍ਹੇਮਾਰੀ ਨਾਲ ਨੁਕਸਾਨ ਪਹੁੰਚ ਸਕਦਾ ਹੈ । ਬੂਟਿਆਂ ਦੀਆਂ ਸਾਰੀਆਂ ਖਰਾਬ ਟਾਹਣੀਆਂ ਨੂੰ ਕੱਟ ਦਿਓ । ਬਰਸਾਤ ਦੇ ਮੌਸਮ ਤੋਂ ਬਾਅਦ, ਹਵਾ ਰੋਕੂ ਵਾੜ ਵਜੋਂ ਲਗਾਏ ਗਏ ਰੁੱਖ ਬਹੁਤ ਜ਼ਿਆਦਾ ਵਿਕਾਸ ਕਰ ਜਾਂਦੇ ਹਨ ਅਤੇ ਉਹਨਾਂ ਨੂੰ ਮਜ਼ਬੂਤ ਅਤੇ ਸਿੱਧਾ ਰੱਖਣ ਲਈ ਬੇਲੋੜੀਆਂ ਅਤੇ ਵਾਧੂ ਟਹਿਣੀਆਂ ਨੂੰ ਕੱਟ ਦਿਓ ।

### ਸ) ਬਾਗਾਂ ਵਿੱਚ ਨਦੀਨਾਂ ਦਾ ਪ੍ਰਬੰਧਨ

ਬਾਰਸ਼ ਤੋਂ ਬਾਅਦ ਬਾਗਾਂ ਵਿੱਚ ਨਦੀਨ ਬਹੁਤ ਜ਼ਿਆਦਾ ਦਿਖਾਈ ਦਿੰਦੇ ਹਨ । ਬਾਗਾਂ ਵਿੱਚ ਆਮ ਤੌਰ 'ਤੇ ਹੋਣ ਵਾਲੇ ਨਦੀਨ ਹਨ ਖੱਬਲ ਘਾਹ, ਮੋਥਾ ਆਦਿ । ਬਾਗਾਂ ਦੀ ਹਲਕੀ ਵਾਹੀ ਨਦੀਨਾਂ ਦੇ ਪ੍ਰਬੰਧਨ ਲਈ ਮਦਦਗਾਰ ਹੁੰਦੀ ਹੈ । ਬੇਰ ਦੇ ਬਾਗਾਂ ਵਿੱਚ, ਇਸ ਮਹੀਨੇ ਦੇ ਦੂਜੇ ਪੰਦਰਵਾੜੇ ਦੌਰਾਨ 5 ਟਨ/ਏਕੜ ਝੋਨੇ ਦੀ ਪਰਾਲੀ ਨੂੰ ਬੂਟਿਆਂ ਦੇ ਹੇਠ ਪਾਉਣ ਲਈ ਫਲਾਂ ਦੀ ਪੈਦਾਵਾਰ ਅਤੇ ਗੁਣਵੱਤਾ ਵਿੱਚ ਸੁਧਾਰ ਦੇ ਨਾਲ-ਨਾਲ ਨਦੀਨਾਂ ਦੇ ਸਫ਼ਲ ਪ੍ਰਬੰਧਨ ਵਿੱਚ ਮਦਦ ਲਾਭਦਾਇਕ ਹੈ ।

### ਹ) ਸਿੰਚਾਈ ਦਾ ਪ੍ਰਬੰਧਨ

ਇਸ ਮਹੀਨੇ ਦੌਰਾਨ ਫ਼ਲਦਾਰ ਬੂਟਿਆਂ ਅਤੇ ਬਾਗਾਂ ਵਿੱਚ ਸਿੰਚਾਈ ਦੀ ਲੋੜ ਬਹੁਤ ਘੱਟ ਹੁੰਦੀ ਹੈ। ਹਾਲਾਂਕਿ, ਫਲਾਂ ਨਾਲ ਭਰੇ ਬੂਟੇ ਜਿਵੇਂ ਕਿ ਨਿੰਬੂ ਜਾਤੀ, ਅਮਰੂਦ ਅਤੇ ਬੇਰ ਅਤੇ ਲੋਕਾਠ ਨੂੰ ਸਮੇਂ 'ਤੇ ਸਿੰਚਾਈ ਦੀ ਲੋੜ ਹੁੰਦੀ ਹੈ । ਬੇਰ ਵਿੱਚ ਫਲ ਲੱਗਣ ਤੇ ਇੱਕ ਸਿੰਚਾਈ ਜ਼ਰੂਰੀ ਹੈ ਅਤੇ ਨਿੰਬੂ ਜਾਤੀ ਵਿੱਚ ਇੱਕ ਜਾਂ ਦੋ ਸਿੰਚਾਈਆਂ ਜ਼ਰੂਰੀ ਹਨ ।

### ਕ) ਬਾਗਾਂ ਵਿੱਚ ਅੰਤਰ ਫ਼ਸਲਾਂ ਦੀ ਕਾਸ਼ਤ

ਨਵੇਂ ਬਾਗਾਂ ਵਿੱਚ ਅੰਤਰ ਫ਼ਸਲਾਂ ਜਿਵੇਂ ਕਿ ਛੋਲੇ, ਮਸਰ ਆਦਿ ਉਗਾਈਆਂ ਜਾ ਸਕਦੀਆਂ ਹਨ । ਇਸ ਤੋਂ ਇਲਾਵਾ ਬਾਗਾਂ ਦੀ ਸਥਾਪਨਾ ਦੇ ਸ਼ੁਰੂਆਤੀ ਸਾਲ ਦੌਰਾਨ ਮਟਰ, ਗੋਭੀ, ਟਮਾਟਰ, ਬੈਂਗਣ, ਗਾਜਰ, ਮੂਲੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ ।



## ਉੱਚ ਗੁਣਵੱਤਾ ਵਾਲਾ ਚਾਰਾ ਪੈਦਾ ਕਰਨ ਲਈ

# ਬਰਸੀਮ ਦੀ ਸੁਚੱਜੀ ਕਾਸ਼ਤ

ਬਰਸੀਮ ਹਾੜੀ ਦੀ ਮੁੱਖ ਚਾਰੇ ਵਾਲੀ ਫ਼ਸਲ ਹੈ ਅਤੇ ਇਹ ਨਵੰਬਰ ਤੋਂ ਲੈ ਕੇ ਜੂਨ ਦੇ ਅੱਧ ਤੱਕ ਪੌਸ਼ਟਿਕ ਅਤੇ ਸੁਆਦੀ ਚਾਰੇ ਦੀਆਂ ਕਈ ਕਟਾਈਆਂ ਦੇਣ ਦੀ ਸਮਰੱਥਾ ਰੱਖਦੀ ਹੈ। ਇਸ ਦੀ ਕਾਸ਼ਤ ਲਈ ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ ਬਹੁਤ ਚੰਗੀਆਂ ਹਨ। ਇਸ ਲੇਖ ਵਿੱਚ ਬਰਸੀਮ ਦੀ ਕਾਸ਼ਤ ਲਈ ਜ਼ਰੂਰੀ ਨੁਕਤੇ ਸਾਂਝੇ ਕੀਤੇ ਗਏ ਹਨ।

1. **ਬਿਜਾਈ ਦਾ ਸਮਾਂ :** ਬਰਸੀਮ ਦਾ ਵੱਧ ਚਾਰਾ ਲੈਣ ਲਈ ਇਸ ਦੀ ਬਿਜਾਈ ਸਤੰਬਰ ਦੇ ਆਖਰੀ ਹਫ਼ਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਕਰ ਦੇਣੀ ਚਾਹੀਦੀ ਹੈ।

2. **ਉੱਨਤ ਕਿਸਮਾਂ**

★ **ਬੀ ਐਲ 44-** ਇਸ ਦੇ ਚਾਰੇ ਵਿੱਚ ਖੁਰਾਕੀ ਤੱਤ ਵੀ ਜ਼ਿਆਦਾ ਹਨ। ਇਹ ਜੂਨ ਦੇ ਪਹਿਲੇ ਹਫ਼ਤੇ ਤੱਕ ਔਸਤ 395 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

★ **ਬੀ ਐਲ 4-** ਇਹ ਜੂਨ ਦੇ ਪਹਿਲੇ ਹਫ਼ਤੇ ਤੱਕ ਔਸਤਨ 390 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ ਅਤੇ ਇਸ ਦਾ ਬੀਜ ਵੀ ਜ਼ਿਆਦਾ ਬਣਦਾ ਹੈ।

★ **ਬੀ ਐਲ 42-** ਇਸ ਦੇ ਹਰੇ ਚਾਰੇ ਦਾ ਝਾੜ 440 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਤਣਾ ਗਲਣ ਦੇ ਰੋਗ ਨੂੰ ਸਹਾਰਣ ਦੀ ਸਮਰਥਾ ਰੱਖਦੀ ਹੈ। ਇਸ ਵਿੱਚ ਖ਼ੁਰਾਕੀ ਤੱਤ ਬਹੁਤ ਜ਼ਿਆਦਾ ਹੁੰਦੇ ਹਨ। ਇਹ ਜੂਨ ਦੇ ਪਹਿਲੇ ਹਫ਼ਤੇ ਤੱਕ ਹਰਾ ਚਾਰਾ ਦਿੰਦੀ ਹੈ। ਇਸ ਕਿਸਮ ਦਾ ਬੀਜ ਵੀ ਜ਼ਿਆਦਾ ਬਣਦਾ ਹੈ।

★ **ਬੀ ਐਲ 10-** ਇਹ ਇੱਕ ਲੰਮਾ ਸਮਾਂ ਰਹਿਣ ਵਾਲੀ ਕਿਸਮ ਹੈ ਅਤੇ ਜੂਨ ਦੇ ਅੱਧ ਤੱਕ ਹਰਾ ਚਾਰਾ ਦਿੰਦੀ ਹੈ। ਇਸ ਦੇ ਹਰੇ ਚਾਰੇ ਦਾ ਔਸਤ ਝਾੜ 410 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ। ਇਹ ਕਿਸਮ ਤਣੇ ਦੇ ਗਲਣ ਦਾ ਰੋਗ ਸਹਾਰਨ ਦੀ ਸਮਰੱਥਾ ਰੱਖਦੀ ਹੈ।

3. **ਬੀਜ ਦੀ ਮਾਤਰਾ :** 8 ਕਿਲੋ ਪ੍ਰਤੀ ਏਕੜ।

4. **ਬਿਜਾਈ ਦਾ ਢੰਗ :** ਬਿਜਾਈ ਖੜ੍ਹੇ ਪਾਣੀ ਵਿੱਚ ਛੱਟੇ ਨਾਲ ਕੀਤੀ ਜਾ ਸਕਦੀ ਹੈ। ਬੀਜ ਦਾ ਛੱਟਾ ਦੇਣ ਸਮੇਂ ਸਾਫ਼ ਮੌਸਮ ਹੋਣਾ ਚਾਹੀਦਾ ਹੈ। ਬਰਸੀਮ ਦਾ ਬੀਜ ਕਾਸ਼ਨੀ ਦੇ ਬੀਜ ਤੋਂ ਰਹਿਤ ਹੋਣਾ ਚਾਹੀਦਾ ਹੈ। ਬਰਸੀਮ ਦੇ ਬੀਜ ਨੂੰ ਪਾਣੀ ਵਿੱਚ ਡੋਬੋ, ਕਾਸ਼ਨੀ ਦਾ ਬੀਜ ਉਪਰ ਤਰ ਆਵੇਗਾ, ਇਸ ਨੂੰ ਛਾਨਣੀ ਨਾਲ ਵੱਖ ਕਰ ਲਓ। ਵਧੇਰੇ ਅਤੇ ਚੰਗਾ ਚਾਰਾ ਲੈਣ ਲਈ ਬਰਸੀਮ ਦੇ ਪੂਰੇ ਬੀਜ ਵਿੱਚ 750 ਗ੍ਰਾਮ ਸਰ੍ਹੋਂ ਦਾ ਬੀਜ ਜਾਂ 12 ਕਿੱਲੋ ਜਵੀਂ ਦਾ ਬੀਜ ਮਿਲਾ ਕੇ ਬੀਜੋ।

ਬਿਜਾਈ ਸਮੇਂ 6 ਟਨ ਰੂੜੀ ਦੀ ਖਾਦ ਅਤੇ 125 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਵਰਤੋਂ। ਜੇਕਰ ਦੇਸੀ ਰੂੜੀ ਦੀ ਵਰਤੋਂ ਨਾ ਕੀਤੀ ਗਈ ਹੋਵੇ ਤਾਂ 22 ਕਿਲੋ ਯੂਰੀਆ ਅਤੇ 185 ਕਿਲੋ ਸਿੰਗਲ ਸੁਪਰ ਫ਼ਾਸਫੇਟ ਪ੍ਰਤੀ ਏਕੜ ਵਰਤੋਂ। ਸੁਪਰ ਫਾਸਫੇਟ ਖਾਦ ਦੀ ਵਰਤੋਂ ਨਾਲ ਕੁਝ ਮਾਤਰਾ ਵਿੱਚ ਸਲਫਰ ਤੱਤ ਵੀ ਜ਼ਮੀਨ ਨੂੰ ਮਿਲ ਜਾਂਦਾ ਹੈ। ਬਰਸੀਮ ਦੀ ਫ਼ਸਲ ਵਿੱਚ ਮੈਂਗਨੀਜ਼ ਦੀ ਘਾਟ ਦੇ ਨਿਸ਼ਾਨ ਵਿਚਕਾਰਲੇ ਪੱਤਿਆਂ ਤੇ ਦਿਖਾਈ ਦਿੰਦੇ ਹਨ। ਘਾਟ ਦੀ ਮੁੱਢਲੀ ਹਾਲਤ ਵਿੱਚ ਬਰਸੀਮ ਦੇ ਵਿਚਕਾਰਲੇ ਤਣੇ ਦੇ ਪੱਤੇ ਵਿਚਕਾਰੋਂ ਸਲੇਟੀ ਤੋਂ ਪੀਲੇ ਰੰਗ ਦੇ ਹੋ ਕੇ ਸੁੱਕ ਜਾਂਦੇ ਹਨ। ਮੈਂਗਨੀਜ਼ ਦੀ ਘਾਟ ਦੀ ਪੂਰਤੀ ਵਾਸਤੇ ਫ਼ਸਲ ਤੇ ਮੈਂਗਨੀਜ਼ ਸਲਫੇਟ ਦੇ 0.5 ਪ੍ਰਤੀਸ਼ਤ ਘੋਲ ਦੇ 2-3 ਛਿੜਕਾਅ ਕੀਤੇ ਜਾਂਦੇ ਹਨ। ਪਹਿਲਾ ਛਿੜਕਾਅ ਬਰਸੀਮ ਦੇ ਪਹਿਲਾ ਲੌਅ ਕੱਟਣ ਤੋਂ ਦੋ ਹਫ਼ਤੇ ਬਾਅਦ ਕਰਨਾ ਚਾਹੀਦਾ ਹੈ ਅਤੇ ਬਾਕੀ ਦੇ ਛਿੜਕਾਅ ਉਸ ਤੋਂ ਬਾਅਦ ਹਫ਼ਤੇ-ਹਫ਼ਤੇ ਦੇ ਵਕਫ਼ੇ ਤੇ ਕਰਨੇ ਚਾਹੀਦੇ ਹਨ।

ਬਰਸੀਮ ਵਿੱਚ ਇਟਸਿਟ ਦੀ ਰੋਕਥਾਮ ਲਈ ਬਰਸੀਮ ਵਿੱਚ ਰਾਇਆ ਰਲਾ ਕੇ ਬੀਜੋ। ਰਾਇਆ ਦੀ ਫ਼ਸਲ ਛੇਤੀ ਵਧਦੀ ਹੈ ਅਤੇ ਇਹ ਨਦੀਨਾਂ ਨੂੰ ਦੱਬ ਲੈਂਦੀ ਹੈ। ਜਿੱਥੇ ਇਸ ਨਦੀਨ ਦੀ ਸਮੱਸਿਆ ਵਧੇਰੇ ਹੋਵੇ ਉਥੇ ਬਿਜਾਈ ਅਕਤੂਬਰ ਦੇ ਦੂਜੇ ਹਫ਼ਤੇ ਤੱਕ ਪਛੇਤੀ ਕਰੋ ਕਿਉਂਕਿ ਉਸ ਵੇਲੇ ਤਾਪਮਾਨ ਘਟਣ ਕਾਰਨ ਇਹ ਨਦੀਨ ਘੱਟ ਉੱਗਦਾ ਹੈ। ਬਰਸੀਮ ਦਾ ਪਹਿਲਾ ਲੌਅ ਬਿਜਾਈ ਤੋਂ ਤਕਰੀਬਨ 50 ਦਿਨਾਂ ਵਿੱਚ ਤਿਆਰ ਹੋ ਜਾਂਦਾ ਹੈ, ਸਰਦੀਆਂ ਵਿੱਚ 40 ਦਿਨਾਂ ਪਿੱਛੋਂ ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫ਼ੇ ਤੇ ਅਗਲੇ ਲੌਅ ਲਏ ਜਾ ਸਕਦੇ ਹਨ।

**- ਬਲਕਰਨ ਸਿੰਘ ਸੰਧੂ ਅਤੇ ਨਵਜੋਤ ਸਿੰਘ ਬਰਾੜ,**
**ਰਾਜਾ ਹਰਿੰਦਰ ਸਿੰਘ ਸੀਡ ਫਾਰਮ, ਫਰੀਦਕੋਟ** (ਮੋ. 97811-28000)

## ਮਨੁੱਖਤਾ ਲਈ ਬੇਹੱਦ ਘਾਤਕ ਹੈ

# ਅੰਨ ਦੀ ਬਰਬਾਦੀ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ** (ਮੋ. 97816-46008)

ਭਾਰਤ ਦੀ ਆਰਥਕ ਰਾਜਧਾਨੀ ਮੰਨੇ ਜਾਂਦੇ ਮੁੰਬਈ ਸ਼ਹਿਰ ਦੀ ਜੇ ਗੱਲ ਕੀਤੀ ਜਾਵੇ ਤਾਂ ਇੱਥੇ ਹਰ ਸਾਲ 9800 ਤੋਂ ਲੈ ਕੇ 11000 ਟਨ ਠੋਸ ਕੂੜਾ ਬਣਦਾ ਹੈ ਜਿਸ ਦਾ 73 ਫ਼ੀਸਦੀ ਹਿੱਸਾ ਬਰਬਾਦ ਹੋਇਆ ਜਾਂ ਜੂਠਾ ਕਰਕੇ ਸੁੱਟਿਆ ਗਿਆ ਭੋਜਨ ਹੁੰਦਾ ਹੈ। ਇਹੋ ਹਾਲ ਕੁੱਝ ਦਿੱਲੀ, ਬੰਗਲੌਰ ਤੇ ਹੋਰ



ਵੱਡੇ ਸ਼ਹਿਰਾਂ ਦਾ ਵੀ ਹੈ। ਭੋਜਨ ਸੁਰੱਖਿਆ ਲਈ ਕਿਸਾਨ ਦਾ ਫ਼ਰਜ਼ ਹੈ ਕਿ ਉਹ ਸਾਫ਼-ਸੁਥਰਾ ਤੇ ਸੁਰੱਖਿਅਤ ਅੰਨ ਉਗਾਵੇ, ਵਪਾਰੀ ਦਾ ਫ਼ਰਜ਼ ਹੈ ਕਿ ਉਹ ਇਸ ਨੂੰ ਸੁਰੱਖਿਅਤ ਸੰਭਾਲੇ, ਸਰਕਾਰ ਦਾ ਫ਼ਰਜ਼ ਹੈ ਕਿ ਉਹ ਅੰਨ ਦੀ ਹਰ ਇਕ ਪੱਧਰ 'ਤੇ ਰਾਖੀ ਤੇ ਸੰਭਾਲ ਨੂੰ ਯਕੀਨੀ ਬਣਾਵੇ। ਉਪਭੋਗਤਾ ਦਾ ਫ਼ਰਜ਼ ਹੈ ਕਿ ਉਹ ਅੰਨ ਦਾ ਸੁਰੱਖਿਆ-ਪੂਰਵਕ ਤੇ ਸਹੀ ਮਾਤਰਾ ਵਿੱਚ ਉਪਭੋਗ ਕਰੇ ਤੇ ਅੰਨ ਨੂੰ ਬਰਬਾਦ ਨਾ ਹੋਣ ਦੇਵੇ। ਕੈਨੇਡਾ ਵਿੱਚ ਭੋਜਨ ਦੀ ਬਰਬਾਦੀ ਰੋਕਣ ਲਈ ਸਰਕਾਰ ਭੋਜਨ ਦੀ ਪੈਦਾਵਾਰ ਕਰਨ ਵਾਲਿਆਂ ਤੇ ਵੇਚਣ ਵਾਲਿਆਂ ਕੋਲੋਂ ਅਣਵਰਤੇ ਤੇ ਅਣਵਿਕੇ ਭੋਜਨ ਪਦਾਰਥਾਂ ਜਾਂ ਅੰਨ ਲੈ ਲੈਂਦੀ ਹੈ ਤੇ ਉਸ ਭੋਜਨ ਨੂੰ ਪਕਾ ਕੇ ਹਜ਼ਾਰਾਂ ਲੋੜਵੰਦਾਂ ਤੱਕ ਪਹੁੰਚਾ ਦਿੰਦੀ ਹੈ। ਸਵੀਡਨ ਵਿੱਚ ਹਰ ਸਾਲ ਘਰਾਂ ਵਿੱਚੋਂ ਇਕੱਠੇ ਕੀਤੇ 22 ਮਿਲੀਅਨ ਟਨ ਜੂਠੇ ਭੋਜਨ ਯੁਕਤ ਠੋਸ ਕੂੜੇ ਨੂੰ ਬਿਜਲੀ ਪੈਦਾ ਕਰਨ ਲਈ ਵਰਤ ਲਿਆ ਜਾਂਦਾ ਹੈ ਤੇ ਬਰਬਾਦ ਨਹੀਂ ਹੋਣ ਦਿੱਤਾ ਜਾਂਦਾ।

ਇਹ ਬੜੀ ਹੀ ਸ਼ਰਮਨਾਕ ਗੱਲ ਹੈ ਕਿ ਦੁਨੀਆ ਵਿੱਚ 'ਵਿਸ਼ਵ ਗੁਰੂ' ਹੋਣ ਦਾ ਅਤੇ 'ਪੰਜ ਟ੍ਰਿਲੀਅਨ ਦੀ ਅਰਥ-ਵਿਵਸਥਾ' ਬਣਨ ਦੇ ਨੇੜੇ ਢੁੱਕੇ ਹੋਣ ਦਾ ਦਾਅਵਾ ਕਰਨ ਵਾਲਾ ਸਾਡਾ ਮੁਲਕ ਭਾਰਤ 'ਗੋਲਡਨ ਹੰਗਰ ਇੰਡੈਕਸ' ਭਾਵ 'ਕੌਮਾਂਤਰੀ ਭੁੱਖਮਰੀ ਸੂਚੀ' ਵਿੱਚ ਸ਼ਾਮਲ 127 ਮੁਲਕਾਂ ਵਿੱਚੋਂ 105ਵੇਂ ਨੰਬਰ ਉੱਤੇ ਆਉਂਦਾ ਹੈ। ਇਹ ਇੱਕ ਅਜਿਹਾ 'ਤਰਕਸ਼ੀਲ' ਮੁਲਕ ਹੈ ਜਿੱਥੇ ਦੇ 82 ਕਰੋੜ ਦੇ ਕਰੀਬ ਨਾਗਰਿਕਾਂ ਲਈ ਸਰਕਾਰ ਨੂੰ ਮੁਫ਼ਤ ਰਾਸ਼ਨ ਦੇਣਾ ਪੈਂਦਾ ਹੈ। ਅਨਾਜ ਸੰਬੰਧੀ ਕੌਮਾਂਤਰੀ ਸੰਸਥਾ ਐਫ. ਏ. ਓ. ਭਾਵ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਅਨੁਸਾਰ ਹਰ ਸਾਲ ਦੁਨੀਆ ਭਰ ਦੇ ਕੁਲ ਭੋਜਨ ਦਾ ਇੱਕ ਤਿਹਾਈ ਹਿੱਸਾ ਵੱਖ-ਵੱਖ ਕਾਰਨਾਂ ਕਰ ਕੇ ਬਰਬਾਦ ਹੋ ਜਾਂਦਾ ਹੈ ਤੇ ਇਸ ਬਰਬਾਦ ਹੋਏ ਭੋਜਨ ਦੀ ਕੁੱਲ ਕੀਮਤ 230 ਬਿਲੀਅਨ ਡਾਲਰ ਭਾਵ 23000 ਕਰੋੜ ਰੁਪਏ ਬਣਦੀ ਹੈ। ਇਸੇ ਮਾਮਲੇ ਵਿੱਚ ਜੇਕਰ ਦੁਨੀਆ ਤੋਂ ਬਾਅਦ ਭਾਰਤ ਉੱਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇੱਥੇ ਹਰ ਸਾਲ 98 ਹਜ਼ਾਰ ਕਰੋੜ ਰੁਪਏ ਦੀ ਕੀਮਤ ਦਾ 65 ਮਿਲੀਅਨ ਟਨ ਭੋਜਨ ਬੇਕਾਰ ਚਲਿਆ ਜਾਂਦਾ ਹੈ ਤੇ ਇਸ ਭੋਜਨ ਨੂੰ ਜੇਕਰ ਕਿਸੇ ਤਰ੍ਹਾਂ ਬਰਬਾਦ ਹੋਣ ਤੋਂ ਬਚਾਅ ਲਿਆ ਜਾਵੇ ਤਾਂ ਬਿਹਾਰ ਦੀ ਕੁਲ ਆਬਾਦੀ ਨੂੰ ਇੱਕ ਸਾਲ ਲਈ ਭੋਜਨ ਕਰਵਾਇਆ ਜਾ ਸਕਦਾ ਹੈ। ਵਿਸ਼ਾ ਮਾਹਰਾਂ ਅਨੁਸਾਰ ਜੇਕਰ ਅੰਨ ਦੀ ਬਰਬਾਦੀ 'ਤੇ ਠੱਲ੍ਹ ਨਾ ਪਾਈ ਗਈ ਤਾਂ ਸਾਲ 2030 ਤੱਕ ਇਹ ਅੰਕੜਾ 165 ਮਿਲੀਅਨ ਟਨ ਅਤੇ ਸੰਨ 2050 ਤੱਕ 436 ਮਿਲੀਅਨ ਟਨ ਹੋ ਜਾਣ ਦੀ ਸੰਭਾਵਨਾ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਕਰੋੜਾਂ ਨਾਗਰਿਕਾਂ ਵਾਲੇ ਸਾਡੇ ਮੁਲਕ ਵਿੱਚ ਸਾਲ 2013 ਵਿੱਚ 21 ਮਿਲੀਅਨ ਟਨ ਅਨਾਜ ਖ਼ਰਾਬ ਹੋ ਕੇ ਬਰਬਾਦ ਹੋ ਗਿਆ ਸੀ ਤੇ ਕਿਸੇ ਗਰੀਬ ਅਤੇ ਲੋੜਵੰਦ ਦੇ ਪੇਟ ਵਿੱਚ ਨਹੀਂ ਪਿਆ ਸੀ। ਉਂਜ ਭਾਰਤੀ ਖ਼ੁਰਾਕ ਨਿਗਮ ਵਲੋਂ ਕੀਤੇ ਗਏ ਯਤਨਾਂ ਸਦਕਾ ਸਾਲ 2019 ਤੋਂ 2022 ਤੱਕ ਦੇ ਅਰਸੇ ਦੌਰਾਨ ਅਨਾਜ ਦੀ ਇਸ ਬਰਬਾਦੀ ਨੂੰ 19 ਮਿਲੀਅਨ ਟਨ ਤੋਂ ਘਟਾ ਕੇ 17 ਮਿਲੀਅਨ ਟਨ ਤੱਕ



ਲਿਆਂਦਾ ਗਿਆ ਸੀ।

ਵਿਸ਼ਵ ਭਰ ਵਿੱਚ ਹੁੰਦੀ ਅੰਨ ਦੀ ਬਰਬਾਦੀ ਨੂੰ ਠੱਲ੍ਹ ਪਾਉਣ ਦੇ ਮਕਸਦ ਨਾਲ ਅਤੇ ਐਫ. ਏ. ਓ. ਭਾਵ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ ਦੇ ਉੱਦਮ ਸਦਕਾ ਕਈ ਵਿਸ਼ਵ ਪੱਧਰੀ ਸਮਾਗਮ ਕਰਵਾਏ ਗਏ ਹਨ ਜਿਨ੍ਹਾਂ ਵਿੱਚ ਅੰਨ ਦੀ ਬਰਬਾਦੀ ਰੋਕਣ ਲਈ ਗੰਭੀਰ ਵਿਚਾਰ ਚਰਚਾ ਕੀਤੀ ਗਈ ਹੈ। ਇਹ ਮੰਨਿਆ ਜਾਂਦਾ ਹੈ ਕਿ 'ਭੋਜਨ ਬਚਾਉਣਾ' ਅਸਲ ਵਿੱਚ ਦੋ ਅਰਥੀ ਕੰਮ ਹੈ। ਇਸ ਦਾ ਇੱਕ ਅਰਥ ਹੈ 'ਸੇਵ ਫੂਡ' ਭਾਵ ਭੋਜਨ ਨੂੰ ਬਰਬਾਦ ਹੋਣ ਤੋਂ ਬਚਾਉਣਾ ਤੇ ਦੂਜਾ ਅਰਥ ਹੈ 'ਸੇਵ ਫੂਡ' ਭਾਵ ਕਿ ਭੋਜਨ ਨੂੰ ਜ਼ਹਿਰੀਲਾ ਹੋਣ ਤੋਂ ਬਚਾਉਣਾ ਤੇ ਉਸ ਦੇ ਅੰਦਰਲੇ ਪੌਸਟਿਕ ਤੱਤਾਂ ਦੀ ਰਾਖੀ ਕਰ ਕੇ ਉਸ ਨੂੰ ਖਾਣਯੋਗ ਬਣਾਉਣਾ।

ਸਿਹਤ ਮਾਹਰਾਂ ਅਨੁਸਾਰ ਵਿਸ਼ਵ ਪੱਧਰ 'ਤੇ ਔਸਤਨ ਪ੍ਰਤੀਦਿਨ ਵਿੱਚ 16 ਲੱਖ ਤੋਂ ਵੱਧ ਲੋਕ ਅਸੁਰੱਖਿਅਤ ਭੋਜਨ ਕਰ ਕੇ ਬਿਮਾਰ ਹੁੰਦੇ ਹਨ ਅਤੇ 4 ਲੱਖ 20 ਹਜ਼ਾਰ ਵਿਅਕਤੀ ਹਰ ਸਾਲ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ। ਖ਼ਰਾਬ ਭੋਜਨ ਕਾਰਨ ਲੱਗਣ ਵਾਲੀਆਂ ਬਿਮਾਰੀਆਂ ਕਰ ਕੇ ਹਰ ਰੋਜ਼ ਪੰਜ ਸਾਲ ਤੋਂ ਘੱਟ ਉਮਰ ਦੇ 340 ਬੱਚੇ ਮੌਤ ਦਾ ਸ਼ਿਕਾਰ ਬਣ ਜਾਂਦੇ ਹਨ। ਹੈਜ਼ੇ ਤੋਂ ਲੈ ਕੇ ਕੈਂਸਰ ਤੱਕ ਲਗਭਗ ਦੋ ਸੌ ਦੇ ਕਰੀਬ ਬਿਮਾਰੀਆਂ ਖ਼ਰਾਬ ਭੋਜਨ ਪਦਾਰਥਾਂ ਕਰ ਕੇ ਪੈਦਾ ਹੁੰਦੀਆਂ ਹਨ।

ਭਾਰਤ ਦੀ ਆਰਥਕ ਰਾਜਧਾਨੀ ਮੰਨੇ ਜਾਂਦੇ ਮੁੰਬਈ ਸ਼ਹਿਰ ਦੀ ਜੇ ਗੱਲ ਕੀਤੀ ਜਾਵੇ ਤਾਂ ਇੱਥੇ ਹਰ ਸਾਲ 9800 ਤੋਂ ਲੈ ਕੇ 11000 ਟਨ ਠੋਸ ਕੂੜਾ ਬਣਦਾ ਹੈ ਜਿਸ ਦਾ 73 ਫ਼ੀਸਦੀ ਹਿੱਸਾ ਬਰਬਾਦ ਹੋਇਆ ਜਾਂ ਜੂਠਾ ਕਰ ਕੇ ਸੁੱਟਿਆ ਗਿਆ ਭੋਜਨ ਹੁੰਦਾ ਹੈ। ਇਹੋ ਹਾਲ ਕੁੱਝ ਦਿੱਲੀ, ਬੰਗਲੌਰ ਤੇ ਹੋਰ ਵੱਡੇ ਸ਼ਹਿਰਾਂ ਦਾ ਵੀ ਹੈ। ਭੋਜਨ ਸੁਰੱਖਿਆ ਲਈ ਕਿਸਾਨ ਦਾ ਫ਼ਰਜ਼ ਹੈ ਕਿ ਉਹ ਸਾਫ਼-ਸੁਥਰਾ ਤੇ ਸੁਰੱਖਿਅਤ ਅੰਨ ਉਗਾਵੇ, ਵਪਾਰੀ ਦਾ ਫ਼ਰਜ਼ ਹੈ ਕਿ ਉਹ ਇਸ ਨੂੰ ਸੁਰੱਖਿਅਤ ਸੰਭਾਲੇ, ਸਰਕਾਰ ਦਾ ਫ਼ਰਜ਼ ਹੈ ਕਿ ਉਹ ਅੰਨ ਦੀ ਹਰ ਇਕ ਪੱਧਰ 'ਤੇ ਰਾਖੀ ਤੇ ਸੰਭਾਲ ਨੂੰ ਯਕੀਨੀ ਬਣਾਵੇ। ਉਪਭੋਗਤਾ ਦਾ ਫ਼ਰਜ਼ ਹੈ ਕਿ ਉਹ ਅੰਨ ਦਾ ਸੁਰੱਖਿਆ-ਪੂਰਵਕ ਤੇ ਸਹੀ ਮਾਤਰਾ ਵਿੱਚ ਉਪਭੋਗ ਕਰੇ ਤੇ ਅੰਨ ਨੂੰ ਬਰਬਾਦ ਨਾ ਹੋਣ ਦੇਵੇ।

ਕੈਨੇਡਾ ਵਿੱਚ ਭੋਜਨ ਦੀ ਬਰਬਾਦੀ ਰੋਕਣ ਲਈ ਸਰਕਾਰ ਭੋਜਨ ਦੀ ਪੈਦਾਵਾਰ ਕਰਨ ਵਾਲਿਆਂ ਤੇ ਵੇਚਣ ਵਾਲਿਆਂ ਕੋਲੋਂ ਅਣਵਰਤੇ ਤੇ ਅਣਵਿਕੇ ਭੋਜਨ ਪਦਾਰਥਾਂ ਜਾਂ ਅੰਨ ਲੈ ਲੈਂਦੀ ਹੈ ਤੇ ਉਸ ਭੋਜਨ ਨੂੰ ਪਕਾ ਕੇ ਹਜ਼ਾਰਾਂ ਲੋੜਵੰਦਾਂ ਤੱਕ ਪਹੁੰਚਾ ਦਿੰਦੀ ਹੈ। ਸਵੀਡਨ ਵਿੱਚ ਹਰ ਸਾਲ ਘਰਾਂ ਵਿੱਚੋਂ ਇਕੱਠੇ ਕੀਤੇ 22 ਮਿਲੀਅਨ ਟਨ ਜੂਠੇ ਭੋਜਨ ਯੁਕਤ ਠੋਸ ਕੂੜੇ ਨੂੰ ਬਿਜਲੀ ਪੈਦਾ ਕਰਨ ਲਈ ਵਰਤ ਲਿਆ ਜਾਂਦਾ ਹੈ ਤੇ ਬਰਬਾਦ ਨਹੀਂ ਹੋਣ ਦਿੱਤਾ ਜਾਂਦਾ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਸਮੇਤ ਏਸ਼ੀਆਈ ਮੁਲਕਾਂ ਨੂੰ ਅੰਨ ਦੀ ਬਰਬਾਦੀ ਰੋਕਣ ਲਈ ਵੱਡੇ ਕਦਮ ਚੁੱਕਣ ਦੀ ਲੋੜ ਹੈ ਕਿਉਂਕਿ ਇਸ ਖਿੱਤੇ ਵਿੱਚ ਅੰਨ ਦੀ ਬਰਬਾਦੀ ਵੀ ਵੱਧ ਹੈ ਤੇ ਲੋੜ ਵੀ ਜ਼ਿਆਦਾ ਹੈ।

# ਪਰਾਲੀ ਦੀ ਸੁਚੱਜੀ ਸੰਭਾਲ ਜ਼ਿੰਮੇਵਾਰੀ ਦੇ ਨਾਲ

ਡਾ. ਕਮਲਪ੍ਰੀਤ ਕੌਰ/ਡਾ. ਵਿਪਨ ਰਾਮਪਾਲ, ਪਸਾਰ ਸਿੱਖਿਆ ਵਿਭਾਗ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋਬਾਇਲ : 95922-27589)

ਕੋਈ ਸਮਾਂ ਸੀ, ਜਦੋਂ ਮੁਲਕ ਵਿੱਚ ਅੰਨ ਦੀ ਥੋੜ ਸੀ । ਉਦੋਂ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੇ ਧਰਤੀ ਵਿੱਚੋਂ ਧੜਾ-ਧੜ ਅਨਾਜ ਪੈਦਾ ਕਰਕੇ ਮੁਲਕ ਦੇ ਅੰਨ ਭੰਡਾਰ ਟੀਸੀ ਤੱਕ ਭਰ ਦਿੱਤੇ । ਉਸ ਵੇਲੇ ਨੂੰ ਹਰੀ ਕ੍ਰਾਂਤੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਜੇ ਉਸ ਸਮੇਂ ਦੇ ਪੰਜਾਬ ਦੇ ਵਾਤਾਵਰਨ ਅਤੇ ਪੰਜਾਬੀਆਂ ਦੀ ਸਿਹਤ ਵੱਲ ਝਾਤ ਮਾਰੀਏ ਤਾਂ ਸਾਨੂੰ ਸਾਫ਼-ਸ਼ੁੱਧ ਵਾਤਾਵਰਨ ਅਤੇ ਸਿਹਤਮੰਦ ਪੰਜਾਬੀ ਯਾਦ ਆਉਂਦੇ ਹਨ । ਇਸ ਦਾ ਰਾਜ ਪੰਜਾਬੀਆਂ ਦੀ ਰੁੱਖੀ ਮਿੱਸੀ, ਰਲਵੀਂ-ਮਿਲਵੀਂ ਖ਼ੁਰਾਕ ਸੀ । ਹਰ ਘਰ ਵਿੱਚ ਝੋਨੇ <B>, <B> ਬਾਜਰੇ, ਮੱਕੀ ਆਦਿ ਦੀ ਰਲਵੀਂ ਰੋਟੀ ਪੱਕਦੀ ਸੀ । ਕਣਕ ਦੀ ਰੋਟੀ ਤਾਂ ਕਿਸੇ ਖ਼ਾਸ ਪ੍ਰਾਹੁਣੇ ਦੇ ਆਉਣ 'ਤੇ ਹੀ ਪੱਕਦੀ ।



ਘਰ ਦਾ ਕਮਾਦ ਬੀਜਿਆ ਜਾਂਦਾ ਅਤੇ ਰਿੰਨ੍ਹੇ ਦਾ ਰਹੁ, ਗੁੜ, ਸ਼ੱਕਰ ਵਿੱਚ ਤਰਦਾ ਦੇਸੀ ਘਿਓ ਆਦਿ ਪੰਜਾਬੀਆਂ ਦੀ ਖ਼ੁਰਾਕ ਦੇ ਅਨਿੱਖੜਵੇਂ ਅੰਗ ਸਨ ।

ਜੇ ਅਸੀਂ ਉਸ ਸਮੇਂ ਦੀਆਂ ਇਨ੍ਹਾਂ ਨਿਆਮਤਾਂ ਦੀ ਮੌਜੂਦਾ ਸਮੇਂ ਨਾਲ ਤੁਲਨਾ ਕਰ ਕੇ ਦੇਖੀਏ ਤਾਂ ਫ਼ਸਲੀ ਵਿਭਿੰਨਤਾ ਦੇ ਕਿਸੇ ਪਾਸੇ ਗੁਆਚ ਜਾਣ ਕਾਰਨ ਸਭ ਨਿਆਮਤਾਂ ਬੀਤੇ ਦੀ ਗੱਲ ਹੋ ਗਈਆਂ ਹਨ ਅਤੇ ਮਨੁੱਖ ਨੇ ਆਧੁਨਿਕ ਖੇਤੀ ਦੇ ਚੱਕਰ ਵਿੱਚ ਬਹੁਤ ਸਾਰੀਆਂ ਅਲਾਮਤਾਂ ਸਹੇੜ ਲਈਆਂ ਹਨ । ਰਲਵੀਂ ਮਿੱਸੀ ਰੋਟੀ ਦੀ ਥਾਂ ਕਣਕ ਦੀਆਂ ਰੋਟੀਆਂ ਨੇ ਲੈ ਲਈ ਹੈ । ਸਾਉਣੀ ਦੀਆਂ ਸਾਰੀਆਂ ਨਿੱਕੀਆਂ ਮੋਟੀਆਂ ਫ਼ਸਲਾਂ ਦੀ ਥਾਂ ਇਕੱਲੀ ਝੋਨੇ ਦੀ ਫ਼ਸਲ ਦੀ ਸਰਦਾਰੀ ਹੈ । ਕਣਕ-ਝੋਨਾ ਪੰਜਾਬ ਦਾ ਪ੍ਰਮੁੱਖ ਫ਼ਸਲੀ ਚੱਕਰ ਬਣ ਗਿਆ ਹੈ । ਇਨ੍ਹਾਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਹੋਣਾ ਵੀ ਇਨ੍ਹਾਂ ਫ਼ਸਲਾਂ ਦੇ ਹਰਮਨ ਪਿਆਰੀਆਂ ਹੋਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ । ਪੰਜਾਬ ਵਿੱਚ ਪੈਦਾ ਹੁੰਦੀ ਪਰਾਲੀ ਦਾ ਵੱਡਾ ਹਿੱਸਾ ਖੇਤਾਂ ਵਿੱਚ ਅੱਗ ਲਗਾ ਕੇ ਸਾੜਿਆ ਜਾਂਦਾ ਹੈ । ਕਿਸਾਨ ਵੀਰਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਹੋਣ ਦੀ ਜ਼ਰੂਰਤ ਹੈ । ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਇਸ ਦੇ ਬਦਲਵੇਂ ਪ੍ਰਬੰਧਾਂ ਪ੍ਰਤੀ ਰੁਝਾਨ ਵਧਾਉਣਾ ਚਾਹੀਦਾ ਹੈ । ਝੋਨੇ ਦੀ ਫ਼ਸਲ ਦੀ ਵਾਢੀ ਤੋਂ ਬਾਅਦ ਇਸ ਦੀ ਪਰਾਲੀ ਨੂੰ ਆਮ ਤੌਰ 'ਤੇ ਅੱਗ ਲਗਾ ਕੇ ਸਾੜਿਆ ਜਾਂਦਾ ਹੈ, ਪਰ ਇਸ ਨਾਲ ਨਿਕਲਦਾ ਜ਼ਹਿਰੀਲਾ ਧੂੰਆਂ ਵਾਤਾਵਰਨ ਅਤੇ ਹਰ ਤਰ੍ਹਾਂ ਦੇ ਜੀਵਨ ਲਈ ਬੇਹੱਦ ਖ਼ਤਰਨਾਕ ਹੈ । ਇੱਕ ਰਿਪੋਰਟ ਵਿੱਚ ਇਹ ਤੱਥ ਸਾਫ਼ ਦੱਸੇ ਗਏ ਹਨ ਕਿ ਜੇਕਰ ਇੱਕ ਕਿੱਲੇ ਦੀ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ (ਜੋ ਤਕਰੀਬਨ 2.5 ਤੋਂ 3 ਟਨ ਤੱਕ ਹੁੰਦੀ ਹੈ) ਤਾਂ ਇਸ ਦੇ ਸੜਨ ਨਾਲ ਤਕਰੀਬਨ 32 ਕਿਲੋ ਯੂਰੀਆ, 5.5 ਕਿਲੋ ਡੀ.ਏ.ਪੀ. ਅਤੇ 51 ਕਿਲੋ ਪੋਟਾਸ਼ ਸੜ ਕੇ ਸੁਆਹ ਹੋ ਜਾਂਦੀ ਹੈ । ਇਸ ਦੇ ਨਾਲ-ਨਾਲ ਸਾਡੇ ਮਿੱਤਰ ਕੀੜੇ ਵੀ ਮੌਤ ਦੀ ਭੇਟ ਚੜ੍ਹ ਜਾਂਦੇ ਹਨ, ਜਿਸ ਨਾਲ ਸਾਡੀ ਖੇਤੀਬਾੜੀ ਨੂੰ ਘੱਟ ਉਪਜਾਊ ਸ਼ਕਤੀ ਅਤੇ ਵੱਧ ਬਿਮਾਰੀਆਂ ਜਾਂ ਹਾਨੀਕਾਰਕ ਕੀੜਿਆਂ ਦੇ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ । ਅੱਗ ਦਾ ਭਿਆਨਕ ਅਸਰ ਜ਼ਮੀਨ ਦੀ ਜੈਵਿਕ ਸਿਹਤ 'ਤੇ ਵੀ ਪੈਂਦਾ ਹੈ ਕਿਉਂਕਿ ਪਰਾਲੀ ਸਾੜਨ ਨਾਲ ਸਾਡੀ ਜ਼ਮੀਨ ਉਪਰਲਾ ਜੈਵਿਕ ਮਲੜ੍ਹ ਵੀ ਸੜ ਕੇ ਸੁਆਹ ਹੋ ਜਾਂਦਾ ਹੈ । ਪਰਾਲੀ ਸੜਨ ਨਾਲ ਜੁੜੀ ਇੱਕ ਹੋਰ ਅਲਾਮਤ ਹੈ ਹਾਨੀਕਾਰਕ ਜ਼ਹਿਰੀਲੀ ਗੈਸ ਜਿਵੇਂ ਕਾਰਬਨ ਮੋਨੋਆਕਸਾਈਡ । ਇਹ ਸਾਡੇ ਸਰੀਰ ਦੀ ਆਕਸੀਜਨ ਲੈਣ ਦੀ ਸਮੱਰਥਾ ਨੂੰ ਘੱਟ ਕਰਦੀ ਹੈ ਅਤੇ ਇਸ ਤਰ੍ਹਾਂ ਕਿੰਨੇ ਹੀ ਮਨੁੱਖ ਸਾਰ ਦੀ ਬਿਮਾਰੀ ਤੋਂ ਪੀੜਤ ਹੋ ਜਾਂਦੇ ਹਨ । ਇਹ ਗੈਸ ਅੱਖਾਂ ਵਿੱਚ ਜਲਣ ਦਾ ਕਾਰਨ ਵੀ ਬਣਦੀ ਹੈ ।

ਇਸ ਤੋਂ ਇਲਾਵਾ ਪਰਾਲੀ ਸਾੜਨ ਨਾਲ ਪੈਦਾ ਹੋਇਆ ਹਾਨੀਕਾਰਕ ਧੂੰਆਂ ਫੇਫੜਿਆਂ, ਚਮੜੀ, ਖ਼ੂਨ ਅਤੇ ਸਾਹ ਕਿਰਿਆ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ । ਅੱਜ ਜੇਕਰ ਅਸੀਂ ਪੰਜਾਬੀਆਂ ਦੀ ਮੌਜੂਦਾ ਸਿਹਤ ਦੀ ਤੁਲਨਾ ਪੁਰਾਣੀ ਪੰਜਾਬੀ ਪੀੜ੍ਹੀ ਨਾਲ ਕਰੀਏ ਤਾਂ ਇਹ ਸਾਫ਼ ਝਲਕਦਾ ਹੈ ਕਿ ਅੱਜ ਦੇ ਪੰਜਾਬ ਵਾਸੀ ਸਿਹਤ ਪੱਖੋਂ ਵੀ ਹਾਰ ਗਏ ਹਨ । ਸਾਡਾ ਜ਼ਰਖੇਜ਼ ਜ਼ਮੀਨੀ ਖਿੱਤਾ ਕਿੰਨੀਆਂ ਹੀ ਨਾਮੁਰਾਦ ਬਿਮਾਰੀਆਂ ਦੀ ਲਪੇਟ ਵਿੱਚ ਆ ਗਿਆ ਹੈ । ਔਸਤਨ ਜੀਵਨ ਕਾਲ ਕਿਸੇ ਸਮੇਂ 100 ਸਾਲ ਹੋਣਾ ਆਮ ਜਿਹੀ ਗੱਲ ਸੀ, ਜੋ ਅੱਜਕੱਲ੍ਹ 60 ਸਾਲ ਤੋਂ ਬਾਅਦ ਖ਼ਤਰੇ ਵਿੱਚ ਆ ਜਾਂਦਾ ਹੈ । ਇਹ ਸਭ ਵਾਤਾਵਰਨ ਨਾਲ ਹੋ ਰਹੀ ਛੇੜ-ਛਾੜ ਦੇ ਹੀ ਨਤੀਜੇ ਹਨ । ਇੱਕ ਸਰਵੇਖਣ ਦੇ ਨਤੀਜਿਆਂ ਅਨੁਸਾਰ ਆਮ ਦਿਨਾਂ ਵਿੱਚ ਸਾਹ ਨਾਲ ਸਾਡੇ ਅੰਦਰ ਜਾਂਦੇ ਮਹੀਨ ਕਣਾਂ ਦੀ ਮਿਕਦਾਰ 60 ਮਿਲੀਗ੍ਰਾਮ ਪ੍ਰਤੀ ਘਣਮੀਟਰ ਹੁੰਦੀ ਹੈ ਅਤੇ ਇਹ ਪਰਾਲੀ ਸਾੜਨ ਵਾਲੇ ਦਿਨਾਂ ਵਿੱਚ ਵੱਧ ਕੇ 425 ਮਿਲੀਗ੍ਰਾਮ ਪ੍ਰਤੀ ਘਣਮੀਟਰ ਤੱਕ ਚਲੀ ਜਾਂਦੀ ਹੈ ।

ਸਭ ਤੋਂ ਚਿੰਤਾਜਨਕ ਗੱਲ ਸਰਦੀ ਦੀ ਰੁੱਤ ਵਿੱਚ ਪਿਆ ਫ਼ਰਕ ਹੈ, ਜੋ ਕਿ ਪਿਛਲੇ ਦੋ-ਤਿੰਨ ਵਰ੍ਹਿਆਂ ਵਿੱਚ ਆਮ ਹੀ ਮਹਿਸੂਸ ਕੀਤਾ ਜਾ ਸਕਦਾ ਹੈ । ਪੰਜਾਬ ਦੀ ਧਰਤੀ ਅਜਿਹੀ ਧਰਤੀ ਹੈ ਜੋ ਹਰ ਇੱਕ ਰੁੱਤ ਦਾ ਜੋਬਨ ਮਾਣਦੀ ਹੈ, ਪਰ ਪਿਛਲੇ ਵਰ੍ਹਿਆਂ ਵਿੱਚ ਸਰਦੀ ਦੀ ਰੁੱਤ ਵਿੱਚ ਪਿਆ ਫ਼ਰਕ ਭਾਵ ਸਰਦੀ ਦਾ ਘੱਟ ਪੈਣਾ ਵਾਤਾਵਰਨ ਪੱਖੋਂ ਵੱਡੀ ਸਮੱਸਿਆ ਹੈ ਅਤੇ ਇਹ ਸੂਬੇ ਦੇ ਕਣਕ ਉਤਪਾਦਨ ਲਈ ਵੀ ਖ਼ਤਰਾ ਬਣ ਸਕਦਾ ਹੈ । ਇਸ ਤੋਂ ਇਲਾਵਾ ਧੂੰਏਂ ਕਾਰਨ ਕਿੰਨੀ ਵਾਰ ਆਵਾਜਾਈ ਦੌਰਾਨ ਜਾਨੀ-ਮਾਲੀ ਨੁਕਸਾਨ ਹੋ ਜਾਣ ਦੀਆਂ ਖ਼ਬਰਾਂ ਸੁਣਨ ਨੂੰ ਮਿਲਦੀਆਂ ਹਨ ।

ਇਸ ਲਈ ਵਾਤਾਵਰਨ ਪ੍ਰਤੀ ਆਪਣੇ ਫਰਜ਼ ਨੂੰ ਸਮਝਦੇ ਹੋਏ ਸਾਨੂੰ ਪਰਾਲੀ ਨੂੰ ਅੱਗ ਲਾਉਣ ਦੀ ਥਾਂ ਇਸ ਦੇ ਢੁਕਵੇਂ ਬਦਲ ਅਪਨਾਉਣੇ ਚਾਹੀਦੇ ਹਨ । ਲੁਧਿਆਣਾ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਿਸਾਨ ਭਰਾਵਾਂ ਦੇ ਸਹਿਯੋਗ ਲਈ ਵਚਨਬੱਧ ਹੈ । ਯੂਨੀਵਰਸਿਟੀ ਵੱਲੋਂ ਸੁਝਾਈਆਂ ਤਕਨੀਕਾਂ ਜਿਵੇਂ ਸੀਡਰ ਦੀ ਵਰਤੋਂ ਲਾਭਕਾਰੀ ਹੈ । ਇਸ ਮਸ਼ੀਨ ਨਾਲ ਕੰਬਾਈਨ ਨਾਲ ਕੱਟੇ ਹੋਏ ਝੋਨੇ ਦੇ ਨਾੜ ਦੇ ਵੱਢ ਵਿੱਚ ਕਣਕ ਸਿੱਧੇ ਤੌਰ 'ਤੇ ਬੀਜੀ ਜਾ ਸਕਦੀ ਹੈ । ਇਸ ਤਰ੍ਹਾਂ ਪਾਣੀ ਦੀ ਵੀ ਬੱਚਤ ਹੁੰਦੀ ਹੈ, ਨਦੀਨ ਵੀ ਘੱਟ ਹੁੰਦੇ ਹਨ । ਇਸ ਤੋਂ ਇਲਾਵਾ ਅਸੀਂ ਪਰਾਲੀ ਨੂੰ ਖੇਤ ਵਿੱਚ ਇੱਕ ਪਾਸੇ ਟੋਏ ਵਿੱਚ ਦੱਬ ਸਕਦੇ ਹਾਂ, ਜਿੱਥੇ ਪਾਣੀ ਸੌਖਾ ਮੁਹੱਈਆ ਹੋਵੇ ਅਤੇ ਇਸ ਵਿੱਚ ਗਊਆਂ ਦੇ ਗੋਹੇ ਅਤੇ ਪਾਣੀ ਦੇ ਛਿੜਕਾਅ ਨਾਲ ਵਧੀਆ ਕੰਪੋਸਟ ਖਾਦ ਤਿਆਰ ਕਰ ਸਕਦੇ ਹਾਂ ।

ਹੈਪੀ ਸੀਡਰ ਦੀ ਵਰਤੋਂ ਕਰਕੇ ਪਰਾਲੀ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰ ਸਕਦੇ ਹਾਂ । ਪਰਾਲੀ ਨੂੰ ਅਸੀਂ ਬਾਇਓਗੈਸ ਪਲਾਂਟ ਵਿੱਚ ਵਰਤ ਕੇ ਵੀ ਲਾਹਾ ਲੈ ਸਕਦੇ ਹਾਂ । ਪੰਜਾਬ ਦੇ ਕਿਸਾਨਾਂ ਦੀ ਆਰਥਿਕ ਹਾਲਾਤ ਨੂੰ ਧਿਆਨ ਹਿੱਤ ਰੱਖ ਕੇ ਇਸ ਮਸਲੇ ਨੂੰ ਕਿਸਾਨ ਅਤੇ ਸਰਕਾਰ ਦੋਵੇਂ ਧਿਰਾਂ ਰਲ ਕੇ ਹੱਲ ਕਰ ਸਕਦੀਆਂ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੁਝਾਏ ਬਾਇਓਗੈਸ ਪਲਾਂਟ ਪਿੰਡ ਪੱਧਰ 'ਤੇ ਪੰਚਾਇਤਾਂ ਸਰਕਾਰ ਦੀ ਮੱਦਦ ਨਾਲ ਤਿਆਰ ਕਰਵਾ ਸਕਦੀਆਂ ਹਨ ਅਤੇ ਸਾਰੇ ਪਿੰਡ ਦੀ ਪਰਾਲੀ ਪਿੰਡ ਵਿਚਲੀ ਸ਼ਾਮਲਾਟ ਵਿੱਚ ਇਕੱਠੀ ਕਰਕੇ ਇਸ ਬਾਇਓਗੈਸ ਪਲਾਂਟ ਵਿੱਚ ਵਰਤ ਲਈ ਜਾਵੇ ਤਾਂ ਸਾਰਾ ਪਿੰਡ ਇਸ ਤੋਂ ਈਂਧਨ ਪ੍ਰਾਪਤ ਕਰ ਸਕਦਾ ਹੈ । ਇਸ ਤਰ੍ਹਾਂ ਸਾਡਾ ਵਾਤਾਵਰਨ ਵੀ ਦੂਸ਼ਿਤ ਹੋਣ ਤੋਂ ਬਚ ਜਾਵੇਗਾ ਅਤੇ ਨਾਲ ਦੀ ਨਾਲ ਲੋਕਾਂ ਨੂੰ ਗੈਸ ਵੀ ਮਿਲੇਗੀ । ਹੈਪੀ ਸੀਡਰ ਵਰਗੀ ਮਸ਼ੀਨਰੀ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਵਿੱਚ ਮੁਹੱਈਆ ਹੋਣੀ ਚਾਹੀਦੀ ਹੈ ਤਾਂ ਜੋ ਹਰ ਕਿਸਾਨ ਇਸ ਨੂੰ ਕਿਰਾਏ 'ਤੇ ਲੈ ਕੇ ਵਰਤ ਸਕੇ । ਹਾਲਾਂਕਿ ਪਿਛਲੇ ਸਾਲ ਦੀਆਂ ਰਿਪੋਰਟਾਂ ਮੁਤਾਬਿਕ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਕਮੀ ਆਈ ਹੈ, ਪਰ ਇਸ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਦੀ ਲੋੜ ਹੈ । ਆਓ, ਰਲ ਕੇ ਜ਼ਿੰਮੇਦਾਰੀ ਨਿਭਾਉਂਦਿਆਂ ਪੰਜਾਬ ਦੀ ਧਰਤੀ ਨੂੰ ਦੂਸ਼ਿਤ ਹੋਣ ਤੋਂ ਬਚਾਈਏ ।

## ਅੱਗ ਝੋਨੇ ਦੀ ਪਰਾਲੀ ਨੂੰ ਲਗਾਇਓ ਨਾ

ਅੰਨ ਦਾਤਿਓ ਓਏ, ਸੁਣੋ ਅੰਨ ਦਾਤਿਓ,
ਅਸੀਂ ਆਖਦੇ ਹਾਂ ਦੋਵੇਂ ਹੱਥ ਬੰਨ੍ਹ ਦਾਤਿਓ,
ਅੱਗ ਝੋਨੇ ਦੀ ਪਰਾਲੀ ਨੂੰ ਲਗਾਇਓ ਨਾ,
ਵਾਤਾਵਰਨ ਨੂੰ ਗੰਧਲਾ ਬਣਾਇਓ ਨਾ ।

ਉਪਜਾਊ ਤੱਤ ਅੱਗ ਨਾਲ ਮਚ ਜਾਊਗਾ,
ਧੂੰਏਂ ਨਾਲ ਅੰਬਰ 'ਤੇ ਹਨੇਰਾ ਛਾਊਗਾ,
ਦੁਰਘਟਨਾ ਦਾ ਖ਼ਤਰਾ ਵਧਾਇਓ ਨਾ,
ਅੱਗ ਝੋਨੇ ਦੀ ਪਰਾਲੀ... ।

ਖੇਤਾਂ ਵਿੱਚੋਂ ਕਾਰਬਨਿਕ ਤੱਤ ਮੁੱਕ ਜਾਣਗੇ,
ਘਟ ਜਾਊਗੀ ਨਮੀ ਤੇ ਰੁੱਖ ਸੁੱਕ ਜਾਣਗੇ ।
ਵਿੱਚ ਪੰਛੀਆਂ ਦੇ ਆਲ੍ਹਣੇ ਜਲਾਇਓ ਨਾ,
ਅੱਗ ਝੋਨੇ ਦੀ ਪਰਾਲੀ... ।

ਅੱਖਾਂ, ਗੱਲ, ਨੱਕ 'ਤੇ ਅਸਰ ਸਿੱਧਾ ਪਊਗਾ,
ਅਲਰਜ਼ੀ, ਜ਼ੁਕਾਮ, ਰੋਗ ਚਮੜੀ ਦਾ ਹਊਗਾ,
ਹਾੜਾ ਗੈਸਾਂ ਜ਼ਹਿਰੀਲੀਆਂ ਬਣਾਇਓ ਨਾ,
ਅੱਗ ਝੋਨੇ ਦੀ ਪਰਾਲੀ... ।

ਜ਼ਹਿਰੀ ਗੈਸ ਨਮੀ ਵਿੱਚ ਰਲ ਜਾਊਗੀ,
ਮੀਂਹ ਤੇਜ਼ਾਬੀ ਫਿਰ ਝੱਟ ਲੈ ਕੇ ਆਊਗੀ ।
ਰੋਗ, ਖ਼ਾਂਸੀ, ਦਮੇ, ਵਰਗੇ ਵਧਾਇਓ ਨਾ,
ਅੱਗ ਝੋਨੇ ਦੀ ਪਰਾਲੀ... ।

ਲਾ ਲਓ ਰੋਕ ਤੁਸੀਂ ਆਪੇ ਅੱਗ ਲਾਉਣ 'ਤੇ,
ਲੱਗੋ ਸਾਰੇ ਖ਼ਾਦ ਪਰਾਲੀ ਦੀ ਬਣਾਉਣ 'ਤੇ ।
ਫ਼ਾਇਦਾ ਆਰਥਿਕ ਪੱਖ ਤੋਂ ਘਟਾਇਓ ਨਾ,
ਅੱਗ ਝੋਨੇ ਦੀ ਪਰਾਲੀ ਨੂੰ ਲਗਾਇਓ ਨਾ ।
ਵਾਤਾਵਰਨ ਨੂੰ ਗੰਧਲਾ ਬਣਾਇਓ ਨਾ ।

**- ਸ਼ਫੀ ਮੁਹੰਮਦ ਮੂੰਗੋ**
(ਸਟੇਟ ਤੇ ਨੈਸ਼ਨਲ ਅਵਾਰਡੀ), ਮੁਹੱਲਾ ਕਰਤਾਰਪੁਰਾ (ਬਰੂਟਾ)
ਨਾਭਾ 147201, ਜ਼ਿਲ੍ਹਾ ਪਟਿਆਲਾ (ਮੋ. 95011-17772)

## ਦੁਧਾਰੂ ਪਸ਼ੂਆਂ ਨੂੰ ਲੇਵੇ ਦੀ ਸੋਜ਼ ਤੋਂ ਬਚਾਓ

★ ਪਸ਼ੂ ਦੇ ਢਾਰਿਆਂ ਦੀ ਸਾਫ-ਸਫਾਈ ਬਹੁਤ ਜ਼ਰੂਰੀ ਹੈ ।

★ ਸਮੇਂ-ਸਮੇਂ ਤੇ ਸਾਰੇ ਪਸ਼ੂਆਂ ਦੇ ਦੁੱਧ ਦਾ ਟੈਸਟ ਕਰਵਾਉਂਦੇ ਰਹੋ । ਪਸ਼ੂ ਦੀ ਚੁਆਈ ਤੋਂ ਪਹਿਲਾਂ ਵੀ ਹਰੇਕ ਥਣ ਦੁੱਧ ਦੀ ਜਾਂਚ ਕਰੋ । ਖ਼ੂਨ ਜਾਂ ਛਿੱਦੀਆਂ ਆਉਣ ਤੇ ਇਲਾਜ ਤੁਰੰਤ ਸ਼ੁਰੂ ਕਰੋ ।

★ ਜਿਹੜੇ ਪਸ਼ੂਆਂ ਵਿੱਚ ਇਹ ਬਿਮਾਰੀ ਆ ਚੁੱਕੀ ਹੋਵੇ, ਉਨ੍ਹਾਂ ਦੀ ਚੁਆਈ



ਬਾਅਦ ਵਿੱਚ ਕਰੋ । (ਸੱਜਰ ਸੂਏ ਪਸ਼ੂਆਂ ਦੀ ਚੁਆਈ ਪਹਿਲਾਂ ਕਰਨੀ ਚਾਹੀਦੀ ਹੈ)।

★ ਪਸ਼ੂ ਦੀ ਚੁਆਈ ਤੋਂ ਬਾਅਦ, ਥਣਾਂ ਦੀਆਂ ਮੋਰੀਆਂ ਲਗਭਗ ਅੱਧੇ ਘੰਟੇ ਲਈ ਖੁੱਲ੍ਹੀਆਂ ਰਹਿੰਦੀਆਂ ਹਨ, ਸੋ ਚੁਆਈ ਤੋਂ ਬਾਅਦ ਥਣਾਂ ਦੇ ਡੋਬੇ (ਕੀਟਾਣੂੰ ਨਾਸ਼ਕ ਘੋਲ) ਨਾਲ ਥਣਾਂ ਨੂੰ ਸਾਫ ਕਰਨਾ ਲਾਹੇਵੰਦ ਹੁੰਦਾ ਹੈ । ਪੋਵੀਡੀਨ ਆਇਓਡੀਨ ਅਤੇ ਗਲਿਸਰੀਨ ਦਾ ਘੋਲ 3:1 ਦੇ ਅਨੁਪਾਤ ਵਿੱਚ ਇੱਕ ਸਸਤਾ ਅਤੇ ਵਧੀਆ ਕਿਰਮ ਨਾਸ਼ਕ ਹੈ, ਜੋ ਪਸ਼ੂ ਪਾਲਕ ਘਰ ਵਿੱਚ ਹੀ ਤਿਆਰ ਕਰ ਸਕਦਾ ਹੈ ।

★ ਜ਼ਿਆਦਾ ਪਸ਼ੂਆਂ ਨੂੰ ਭੀੜੇ ਥਾਂ ਵਿੱਚ ਨਾ ਰੱਖੋ । ਇਸ ਨਾਲ ਪਸ਼ੂ ਤੇ ਦਬਾਅ ਵੱਧਦਾ ਹੈ ।

★ ਦੋਧੀ ਨੂੰ ਦੁੱਧ ਚੋਣ ਤੋਂ ਪਹਿਲਾਂ ਆਪਣੇ ਹੱਥ ਡਿਟੋਲ ਜਾਂ ਸਾਬਨ ਨਾਲ ਧੋ ਲੈਣੇ ਚਾਹੀਦੇ ਹਨ ।

★ ਪੂਰੇ ਹੱਥ ਨਾਲ ਦੁੱਧ ਚੋਵੋ ।

★ ਪਸ਼ੂ ਦੀ ਚੁਆਈ ਪੂਰੀ ਕਰੋ, ਇਸਨੂੰ ਅਧੂਰੀ ਨਾ ਛੱਡੋ ।

★ ਸੂਣ ਤੋਂ ਦੋ ਮਹੀਨੇ ਪਹਿਲਾਂ ਜਦੋਂ ਪਸ਼ੂ ਨੂੰ ਦੁੱਧ ਤੋਂ ਛੱਡਿਆ ਜਾਂਦਾ ਹੈ ਤਾਂ ਲੇਵੇ ਦੇ ਹਰ ਥਣ ਵਿੱਚ ਦਵਾਈ ਜ਼ਰੂਰ ਚੜਾਉ । ਇਸ ਵਾਸਤੇ ਡਾਕਟਰ ਦੀ ਸਲਾਹ ਲਵੋ ।

★ ਸਪਸ਼ਟ ਸੋਜ਼ ਦੀ ਪਛਾਣ ਤਾਂ ਆਸਾਨੀ ਨਾਲ ਹੋ ਜਾਂਦੀ ਹੈ ਕਿਉਂਕਿ ਲੇਵਾ ਸੁੱਜਿਆ ਹੁੰਦਾ ਹੈ ਅਤੇ ਹੱਥ ਲਾਉਣ ਤੇ ਗਰਮ ਹੁੰਦਾ ਹੈ, ਪਰੰਤੂ ਗੁੱਝੀ ਸੋਜ ਦੀ ਪਛਾਣ ਔਖੀ ਹੁੰਦੀ ਹੈ ਕਿਉਂਕਿ ਪਸ਼ੂ ਦਾ ਦੁੱਧ ਹੌਲੀ-ਹੌਲੀ ਘੱਟਦਾ ਹੈ ਅਤੇ ਬਾਹਰੋਂ ਦੇਖਣ ਤੇ ਲੇਵੇ ਵਿੱਚ ਕੋਈ ਫ਼ਰਕ ਨਹੀਂ ਲੱਗਦਾ । ਇਸ ਦੀ ਸਹੀ ਪਛਾਣ ਸੋਡੀਅਮ ਲਓਰਲ ਸਲਫੇਟ ਦੇ ਘੋਲ ਨਾਲ ਦੁੱਧ ਦਾ ਟੈਸਟ ਕਰ ਕੇ ਕੀਤੀ ਜਾ ਸਕਦੀ ਹੈ । ਇਸ ਵਿੱਚ ਇੱਕ ਪਲਾਸਟਿਕ ਪੈਡਲ ਲਿਆ ਜਾਂਦਾ ਹੈ, ਜਿਸ ਦੇ ਚਾਰ ਕੱਪ ਹੁੰਦੇ ਹਨ । ਹਰ ਥਣ ਵਿੱਚੋਂ, ਪੈਡਲ ਦੇ ਹਰੇਕ ਕੱਪ ਵਿਚ ਦੁੱਧ ਲਿਆ ਜਾਂਦਾ ਹੈ ਅਤੇ ਸੋਡੀਅਮ ਲਓਰਲ ਸਲਫੇਟ ਦੇ ਘੋਲ ਨਾਲ ਮਿਲਾਇਆ ਜਾਂਦਾ ਹੈ । ਦੁੱਧ ਦਾ ਲੇਸਲਾ ਹੋ ਜਾਣਾ ਗੁੱਝੀ ਸੋਜ ਨੂੰ ਦਰਸਾਉਂਦਾ ਹੈ । ਲੈਬਾਰਟਰੀ ਵਿੱਚ ਦੁੱਧ ਦਾ ਟੈਸਟ ਕੀਟਾਣੂਆਂ ਲਈ ਕਲਚਰ ਕਰਕੇ ਵੀ ਕੀਤਾ ਜਾ ਸਕਦਾ ਹੈ ।

**- ਮਧੂ ਸ਼ੈਲੀ ਅਤੇ ਅਪਰਨਾ,**
**ਡਾਇਰੈਕਟੋਰੇਟ ਪਸਾਰ ਸਿੱਖਿਆ**
**ਮੋਬਾਇਲ : 96434-42427**

# ਕੇਸ਼ੋਪੁਰ ਛੰਭ, ਗੁਰਦਾਸਪੁਰ ਵਿੱਚ ਪਰਵਾਸੀ ਪੰਛੀਆਂ ਦਾ ਕੁਦਰਤੀ ਮੇਲਾ







ਪੰਛੀਆਂ ਦਾ ਕੁਦਰਤੀ ਮਾਹੌਲ ਵਿੱਚ ਜੀਣਾ, ਕੁਦਰਤੀ ਖਾਣ-ਪੀਣ ਦੇ ਸਾਧਨਾਂ ਵਿੱਚ ਰਹਿਣਾ, ਮਨੋਰੰਜਨ ਕਦਰਾਂ-ਕੀਮਤਾਂ ਨੂੰ ਲੱਭਣਾ, ਰੈਣ-ਬਸੇਰੇ ਲਈ ਆਪਣੀ ਜੀਵਨ-ਸ਼ੈਲੀ ਦੇ ਅਨੁਕੂਲ ਸਥਾਨ ਲੱਭਣੇ, ਪੰਛੀਆਂ ਦੇ ਵੀ ਸੁਭਾਅ ਵਿੱਚ ਸ਼ਾਮਿਲ ਹੁੰਦਾ ਹੈ । ਪੀੜ੍ਹੀ ਦਰ ਪੀੜ੍ਹੀ ਜੀਵਨ ਦੀਆਂ ਕਦਰਾਂ-ਕੀਮਤਾਂ ਪੰਛੀ ਖੁਦ ਭਾਲਦੇ ਹਨ । ਹਰ ਪ੍ਰਾਣੀ ਨੂੰ ਖੂਬਸੂਰਤੀ ਵੇਖਣ ਨਾਲ ਮਨੋਰੰਜਨ, ਸਕੂਨ, ਆਨੰਦ ਅਤੇ ਅਧਿਆਤਮਿਕਤਾ ਸੁਭਾਵਿਕ ਤੌਰ 'ਤੇ ਹੀ ਪ੍ਰਾਪਤ ਹੋ ਜਾਂਦੀ ਹੈ ।

ਹਰ ਸਾਲ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਕੇਸ਼ੋਰਾਮ (ਬਹਿਰਾਮਪੁਰ ਇਲਾਕਾ) ਛੰਭ ਗੁਰਦਾਸਪੁਰ (ਪੰਜਾਬ) ਵਿਖੇ ਹਜ਼ਾਰਾਂ ਹੀ ਪਰਵਾਸੀ ਅਤੇ ਦੇਸੀ ਪੰਛੀ ਮਿਲੇ ਇਕ ਭਾਰੀ, ਮੀਲਾਂ ਤੱਕ ਲੰਬਾ ਕੁਦਰਤੀ ਮੇਲਾ ਹੋਂਦ ਵਿੱਚ ਲਿਆਉਂਦੇ ਹਨ । ਇਹ ਛੰਭ ਦਾ ਇਲਾਕਾ ਲਗਭਗ 850 ਏਕੜ ਇਲਾਕੇ ਵਿੱਚ ਫੈਲਿਆ ਹੋਇਆ ਹੈ ।

ਪਿੰਡ ਕੇਸ਼ੋਪੁਰ ਛੰਭ ਦੇ ਇਲਾਕੇ ਵੱਲ ਸਰਦੀਆਂ ਦੀ ਸੁੰਦਰ ਰੁੱਤ ਦਾ ਮੰਗਲਾਚਰਣ 'ਤੇ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਆਉਂਦੀਆਂ ਹਨ । ਕੇਸ਼ੋਪੁਰ ਕਮਿਊਨਿਟੀ ਰਿਜ਼ਰਵ ਵਿੱਚ ਪਿਛਲੇ ਸਾਲ ਨਾਲੋਂ ਇਸ ਸਾਲ ਪਰਵਾਸੀ ਪੰਛੀਆਂ ਦੀ ਸੰਖਿਆ ਵਿੱਚ ਪੰਜ ਹਜ਼ਾਰ ਵੱਧ ਗਈ ਹੈ । ਪਰਵਾਸੀ ਪੰਛੀਆਂ ਦੀ ਸੰਖਿਆ ਵੱਧ ਕੇ 25302 ਹੋ ਗਈ ਹੈ ਜਦਕਿ ਪਿਛਲੇ ਸਾਲ ਇਸਦੀ ਸੰਖਿਆ 20300 ਸੀ । ਇਸਦਾ ਖੁਲਾਸਾ ਵਾਈਲਡ ਲਾਈਵ ਵਿਭਾਗ ਦੁਆਰਾ ਕਰਾਏ ਗਏ ਸਰਵੇਖਣ 2016 ਵਿੱਚ ਹੋਇਆ ਹੈ । ਨਵੰਬਰ ਤੋਂ ਅਪ੍ਰੈਲ ਤੱਕ ਕਾਫ਼ੀ ਸੰਖਿਆ ਵਿੱਚ ਪਰਵਾਸੀ ਪੰਛੀ ਸਾਈਬੇਰੀਆ, ਰੂਸ, ਚੀਨ, ਤਿੱਬਤ ਆਦਿ ਤੋਂ ਆਉਂਦੇ ਹਨ । ਸਰਵੇਖਣ ਵਿੱਚ ਪੰਜਾਬ ਫੋਰੈਸਟ ਐਂਡ ਵਾਈਲਡ ਲਾਈਫ ਪਰੀਜ਼ਰਵੇਸ਼ਨ ਵਿਭਾਗ ਏਵੀਅਨ ਹੈਬੀਟੈਟ ਐਂਡ ਵੇਅਰਲੈਂਡ ਕੰਜ਼ਰਵੇਸ਼ਨ ਸੁਸਾਇਟੀ ਚੰਡੀਗੜ੍ਹ ਬਰਲਜ਼ ਕਲੱਬ, ਵਰਲਡ ਵਾਈਡ ਫੰਡ ਫਾਰ ਵਾਈਲਡ ਲਾਈਫ, ਨੇਚਰ ਗਾਈਡ ਕਲੱਬ ਐਂਡ ਪੰਜਾਬ ਟੂਰਿਜ਼ਮ ਵਿਭਾਗ ਨੇ ਹਿੱਸਾ ਲਿਆ । ਪੰਛੀਆਂ ਦੀ ਗਣਨਾ ਵਿੱਚ ਪਰਵਾਸੀ ਪੰਛੀਆਂ ਦੀਆਂ ਪ੍ਰਮੁੱਖ ਜਾਤੀਆਂ ਵਿੱਚ ਕਾਮਨ ਟੀਲ 3601, ਗੇਲਵਾਕ 3032, ਨਾਰਦਰਨ ਸ਼ਾਵਰਲਰ 2796, ਪਿੰਨਟੇਲ 2528, ਕੂਟਸ 2465 ਪਾਏ ਗਏ ਹਨ । ਇਸ ਤੋਂ ਇਲਾਵਾ ਹੋਰ ਪੰਛੀਆਂ ਵਿੱਚ ਵਲੀਨੇਕਡ ਸਟਾਰਕ, ਪੈਟੇਲ ਸਟਾਰਕ, ਰੈਡ ਨੇਕਡ ਇਬਿਜ਼, ਸਾਰਸ ਕਰੇਨ, ਨਾਰਦਰਨ ਲੈਪ ਵਿੰਗ ਵੀ ਵੱਡੀ ਮਾਤਰਾ ਵਿੱਚ ਪਾਏ ਗਏ ਹਨ । ਵੂਲੀ ਨੇਕਸਡ ਸਟਾਰਕ ਵਿਰਲਾ-ਟਾਂਵਾ ਪੰਛੀ ਹੈ ਜਿਸ ਦੀ ਜਨਸੰਖਿਆ ਨਿਰੰਤਰ ਘਟਦੀ ਜਾ ਰਹੀ ਹੈ । ਵਿਭਾਗ ਵਲੋਂ ਜੰਗਲੀ ਜੀਵ ਸੁਰੱਖਿਆ ਦੇ ਹੋਰ ਪ੍ਰੋਜੈਕਟ ਚਲਾਏ ਜਾ ਰਹੇ ਹਨ ।

ਇਕ ਅਧਿਕਾਰੀ ਨੇ ਦੱਸਿਆ ਕਿ ਹਰ ਸਾਲ ਪਰਵਾਸੀ ਪੰਛੀਆਂ ਦੀ ਸੰਖਿਆ ਵਧਣ ਦੇ ਕਾਰਨ ਹਨ ਪੰਛੀ ਵਿਹਾਰ ਵਿੱਚ ਚਲਾਇਆ ਜਾ ਰਿਹਾ ਈਕੋ ਟੂਰਿਜ਼ਮ ਪ੍ਰੋਜੈਕਟ, ਇਸਦੇ ਤਹਿਤ 100 ਏਕੜ ਖੇਤਰ ਵਿੱਚੋਂ ਬੂਟੀ ਹਟਾਈ ਗਈ ਹੈ ਇਸ ਨਾਲ ਪੰਛੀਆਂ ਦੇ ਲਈ ਪਾਣੀ ਦਾ ਏਰੀਆ ਵੱਧ ਗਿਆ ਹੈ । ਇਸ ਵਿੱਚ 8 ਕਿਲੋਮੀਟਰ ਸੜਕ ਬਣਾਈ ਗਈ ਹੈ ।

ਕੇਸ਼ੋਪੁਰ ਛੰਭ ਦਾ ਇਲਾਕਾ ਖੁੱਲ੍ਹੇ ਡੁੱਲ੍ਹੇ ਕੁਦਰਤੀ ਛੱਪੜਾਂ ਵਾਲਾ, ਉੱਚੀਆਂ, ਦਰਮਿਆਨੀਆਂ ਅਤੇ ਛੋਟੀਆਂ ਜੜ੍ਹੀਆਂ ਬੂਟੀਆਂ, ਤਰ੍ਹਾਂ-ਤਰ੍ਹਾਂ ਦੇ ਘਾਹ ਵਾਲਾ ਸੁੰਦਰ, ਦਿਲਕਸ਼, ਮਨੋਰੰਜਨ ਪਰਕ ਕੁਦਰਤੀ ਵੰਸਿਆ ਇਲਾਕਾ ਹੈ । ਕੁਦਰਤੀ ਛੱਪੜਨੁਮਾ ਝੀਲਾਂ ਦੀ ਭਰਮਾਰ, ਕੁਦਰਤੀ ਲਘੂ ਜੰਗਲਾਤੀ ਇਲਾਕਾ, ਕੀਟ-ਪਤੰਗਿਆਂ ਦਾ ਰੈਣ-ਬਸੇਰਾ ਅਤੇ ਕਈ ਤਰ੍ਹਾਂ ਦੇ ਜਾਨਵਰ ਵੀ ਇਥੇ ਪਨਾਹ ਲੈਂਦੇ ਹਨ । ਕੁਝ ਪੰਛੀ ਅਕਤੂਬਰ ਮਹੀਨੇ ਤੋਂ ਲੈ ਕੇ ਮਾਰਚ ਮਹੀਨੇ ਤੱਕ ਪਾਣੀ ਵਿੱਚ ਹੀ ਤੈਰਦੇ ਰਹਿੰਦੇ ਹਨ । ਵੱਡੇ ਛੱਪੜਾਂ ਦੇ ਕਿਨਾਰਿਆਂ ਉੱਪਰ ਆ ਕੇ ਆਪਸ ਵਿੱਚ ਕਲੋਲ ਕਰਦੇ, ਅਠਖੇਲੀਆਂ ਕਰਦੇ, ਮਸਤੀਆਂ ਮਾਰਦੇ, ਵੱਖ-ਵੱਖ ਮਨੋਰੰਜਨ-ਮਨਮੋਹਕ ਆਵਾਜ਼ਾਂ ਕੱਢ ਕੇ ਕੁਦਰਤ ਦੀ ਮਾਂਗ ਵਿੱਚ ਖੂਬਸੂਰਤੀ ਦਾ ਸੰਧੂਰ ਬਿਖੇਰਦੇ । ਤਰ੍ਹਾਂ-ਤਰ੍ਹਾਂ ਦੇ ਪੰਛੀਆਂ ਦੀਆਂ ਆਵਾਜ਼ਾਂ ਦਾ ਮਿਸ਼ਰਣ ਇੱਕ ਜੰਨਤ ਵਰਗਾ ਨਜ਼ਾਰਾ ਦੇਂਦਾ ।

ਗੁਰਦਾਸਪੁਰ ਤੋਂ ਲਗਭਗ ਛੇ ਕਿਲੋਮੀਟਰ ਦੀ ਦੂਰੀ, ਬਹਿਰਾਮਪੁਰ ਰੋਡ ਦੇ ਨਾਲ ਸਥਿਤ ਅਨੇਕਾਂ ਹੀ ਮੀਲਾਂ ਵਿੱਚ ਫੈਲਿਆ ਛੰਭ ਦਾ ਇਲਾਕਾ ਵਿਲੱਖਣ ਸਥਾਨ ਰੱਖਦਾ ਹੋਇਆ ਕੁਦਰਤ ਦੀ ਮਿਹਰਬਾਨੀ ਅਤੇ ਸ਼ੁੱਭ ਇੱਛਾਵਾਂ ਸਹਿਤ ਆਪਣੀ ਹੋਂਦ ਬਣਾਈ ਬੈਠਾ ਹੈ । ਇਸ ਇਲਾਕੇ ਦੇ ਨਾਲ ਹੀ ਥੋੜ੍ਹੀ ਦੂਰੀ 'ਤੇ ਪਾਕਿਸਤਾਨ ਦੀ ਸਰਹੱਦ ਲਗਦੀ ਹੈ । ਇਸ ਇਲਾਕੇ ਵੱਲ 40 ਤਰ੍ਹਾਂ ਦੇ ਰੁੱਖ, 32 ਕਿਸਮ ਦੀਆਂ ਜੜ੍ਹੀ-ਬੂਟੀਆਂ ਅਤੇ ਅਨੇਕ ਪ੍ਰਕਾਰ ਦੀਆਂ ਫ਼ਸਲਾਂ ਹੁੰਦੀਆਂ ਹਨ । ਬਹਿਰਾਮਪੁਰ ਇਲਾਕੇ ਦੀ ਬਾਸਮਤੀ ਅੱਜ ਵੀ ਮਸ਼ਹੂਰ ਹੈ । ਇਸ ਕੁਦਰਤੀ ਸਾਧਨਾਂ ਵਾਲੀ ਜ਼ਮੀਨ ਵਿੱਚ ਭੇਹ (ਕਮਲ ਕੱਕੜੀ) ਅਤੇ ਮੱਛੀ ਪਾਲਣ ਅਤੇ ਸੰਘਾੜੇ ਦੀ ਫ਼ਸਲ ਦਾ ਧੰਦਾ ਜ਼ੋਰਾਂ 'ਤੇ ਹੈ । ਭੇਹ ਛੰਭ ਹੈ । ਵੱਡੇ-ਵੱਡੇ ਛੱਪੜਨੁਮਾਂ ਝੀਲ ਵਿੱਚ ਮੁਰਗਾਬੀਆਂ ਦੇ ਝੁੰਡ ਜਦ ਤੈਰਦੇ ਹਨ ਤਾਂ ਵੇਖਣਯੋਗ ਹੁੰਦਾ ਹੈ । ਮੁਰਗਾਬੀਆਂ ਜਦ ਡੁਬਕੀ ਲਗਾ ਕੇ ਉਲਟਬਾਜ਼ੀਆਂ ਮਾਰਦੀਆਂ ਹਨ ਤਾਂ ਬੜਾ ਚੰਗਾ ਲੱਗਦਾ ਹੈ । ਬੱਚਿਆਂ ਦੇ ਵੇਖਣ ਵਾਲਾ ਦ੍ਰਿਸ਼ ਹੁੰਦਾ ਹੈ । ਬੱਚਿਆਂ ਦੇ ਮਨੋਰੰਜਨ ਲਈ ਇੱਕ ਵਧੀਆ ਸਥਾਨ ਹੈ । ਮੁਰਗਾਬੀਆਂ ਦੀਆਂ ਚਿੱਟੀਆਂ ਚੁੰਜਾਂ, ਕਾਲੀਆਂ ਧੌਣਾਂ, ਕਾਲਾ ਭੂਰਾ ਆਕਰਸ਼ਕ ਤਨ ਸੋਹਣੇ ਲਗਦੇ ਹਨ । ਇੱਕ ਮੁਰਗਾਬੀ 2 ਸੈਕਿੰਡ ਤਕ ਪਾਣੀ ਵਿੱਚ ਧੌਣ ਡੁਬ ਕੇ ਡੁਬਕੀ ਮਾਰਨ ਦੀ ਸਮਰੱਥਾ ਰੱਖਦੀ ਹੈ । ਇਨ੍ਹਾਂ ਦੇ ਜਵਾਨ ਬੱਚੇ ਵੀ ਡੁਬਕੀ ਮਾਰਨ ਵਿੱਚ ਮਾਹਿਰ ਹੁੰਦੇ ਹਨ ।

ਇਸ ਕੇਸ਼ੋਪੁਰ ਛੰਭ ਦੀ ਖੂਬਸੂਰਤੀ ਅਤੇ ਦੇਸ਼-ਵਿਦੇਸ਼ ਦੇ ਸੈਲਾਨੀਆਂ ਦੇ ਮਨੋਰੰਜਨ ਲਈ ਏ. ਡੀ. ਬੀ. ਬੈਂਕ ਦੀ ਮਦਦ ਨਾਲ ਲਗਭਗ 9 ਕਰੋੜ 35 ਲੱਖ ਮਨਜ਼ੂਰ ਹੋਏ ਹਨ । ਇਹ ਪੈਸਾ ਕਿਸ਼ਤਾਂ ਵਿੱਚ ਲਗਾਇਆ ਜਾ ਰਿਹਾ ਹੈ । ਇਸ ਸਾਰੇ ਪ੍ਰਾਜੈਕਟ ਵਿੱਚ ਬਾਹਰੀ ਅਤੇ ਅੰਦਰੂਨੀ ਕਾਰਜ ਕੀਤੇ ਜਾ ਰਹੇ ਹਨ । ਛੰਭ ਵਿਚਲਾ ਕਾਰਜ ਤੇ ਬਾਹਰੀ ਕਾਰਜ ਕੀਤੇ ਜਾ ਰਹੇ ਹਨ । ਬਾਹਰੀ ਕਾਰਜ ਲਈ 350 ਕਿਲੇ ਜ਼ਮੀਨ ਮੱਟਵਾਂ ਪੰਚਾਇਤ ਨੂੰ ਦੇ ਦਿੱਤੇ ਹਨ, ਜਿੱਥੇ ਸੈਲਾਨੀਆਂ ਦੀਆਂ ਸਹੂਲਤਾਂ ਲਈ



ਬਲਵਿੰਦਰ 'ਬਾਲਮ',
ਉਂਕਾਰ ਨਗਰ, ਗੁਰਦਾਸਪੁਰ
ਮੋ. 98156-25409

ਉੱਚ ਦਰਜੇ ਦੀਆਂ ਆਧੁਨਿਕ ਭੂਮੰਡਲੀਕਰਨ ਸਹੂਲਤਾਂ ਦਿੱਤੀਆਂ ਜਾਣਗੀਆਂ । ਖ਼ਾਸ ਕਰਕੇ ਇਸ ਵਿੱਚ ਖੂਬਸੂਰਤ ਚਾਰ-ਦੀਵਾਰੀ, ਰੈਸਟੋਰੈਂਟ, ਗੱਡੀਆਂ, ਜਰਨੇਟਰ, ਹਾਲ, ਕਾਰ-ਪਾਰਕਿੰਗ, ਰਿਹਾਇਸ਼ੀ ਕਮਰੇ, ਪੁੱਛਗਿੱਛ ਕੇਂਦਰ, ਗਾਈਡ, ਡਿਸਪਲੇਅ ਸਕਰੀਨ ਆਦਿ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ । ਇਸ ਪ੍ਰੋਜੈਕਟ ਵਿੱਚ ਏ.ਡੀ.ਬੀ. ਬੈਂਕ, ਟੂਰਿਜ਼ਮ ਵਿਭਾਗ ਪੰਜਾਬ, ਜੰਗਲੀ ਜੀਵ ਵਿਭਾਗ ਅਤੇ ਜੰਗਲਾਤ ਵਿਭਾਗ ਕਾਰਜ ਕਰ ਰਹੇ ਹਨ । ਠੇਕੇ ਉਪਰ ਵੀ ਕਾਰਜ ਹੋ ਰਿਹਾ ਹੈ । ਇਸ ਵਿੱਚ ਪੰਜ ਵੱਡੇ ਟਾਵਰ ਬਣਾਏ ਜਾ ਰਹੇ ਹਨ ਜੋ 33 ਫੁੱਟ ਉੱਚੇ ਹੋਣਗੇ, ਜਿਨ੍ਹਾਂ ਤੋਂ ਬਾਹਰੀ ਦੂਰੀ ਪੂਰਵਕ ਦ੍ਰਿਸ਼ ਆਸਾਨੀ ਨਾਲ ਦੇਖੇ ਜਾ ਸਕਣਗੇ । ਛੰਭ ਦੇ ਇਸ ਇਲਾਕੇ ਵਿੱਚ 2 ਪੁਲ ਵੀ ਬਣਏ ਜਾਣਗੇ ।

ਛੰਭ ਨੂੰ ਸੁੰਦਰ ਝੀਲਨੁਮਾ ਬਣਾਇਆ ਜਾਏਗਾ ਜਿਸ ਵਿੱਚ ਪਾਣੀ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ, ਤਾਂ ਜੋ ਸ਼ੁੱਧ ਪਾਣੀ ਵਿੱਚ ਪੰਛੀਆਂ ਨੂੰ ਰਹਿ ਕੇ ਤਾਜ਼ਗੀ, ਫੁਰਤੀਲਾਪਨ, ਚੰਗੀ ਸਿਹਤ, ਹਰਕਤੀ ਚੁਸਤੀ ਅਤੇ ਉਨ੍ਹਾਂ ਦੀ ਸੰਵੇਦਨਸ਼ੀਲਤਾ ਬਰਕਰਾਰ ਰਹਿ ਸਕੇ ਅਤੇ ਪੰਛੀਆਂ ਦੀ ਗਿਣਤੀ ਹਰ ਸਾਲ ਵੱਧ ਸਕੇ ।

ਛੰਭ ਦੀ ਖੂਬਸੂਰਤੀ ਅਤੇ ਆਧੁਨਿਕਤਾ ਬਾਰੇ ਜਾਣਕਾਰੀ ਦਿੰਦੇ ਹੋਏ ਮਹਿਕਮੇ ਦੇ ਇੱਕ ਮੁਸਲਮਾਨ ਸੁਖਦੇਵ ਅਤੇ ਇੱਕ ਪ੍ਰਤਿਸ਼ਠਿਤ ਵਿਅਕਤੀ ਮਨਜੀਤ ਸਿੰਘ ਡਾਲਾ ਨੇ ਦੱਸਿਆ ਕਿ ਛੰਭ ਨੂੰ ਫਬੀਲਾ ਰੂਪ ਦੇਣ ਲਈ ਉਸ ਦੀ ਸਫਾਈ ਕੀਤੀ ਗਈ ਹੈ । ਛੰਭ ਦੇ ਪਾਣੀ ਦੇ ਵਿਚਕਾਰ ਜ਼ਮੀਨ ਦਾ ਕੁਝ ਉਭਰਦਾ ਹਿੱਸਾ ਰੱਖਿਆ ਗਿਆ ਹੈ, ਜਿਸ ਵਿਚ ਪਾਣੀ ਨਹੀਂ ਆਉਂਦਾ । ਪੰਛੀ ਇਸ ਜਗ੍ਹਾ ਉਪਰ ਧੁੱਪ ਦਾ ਨਜ਼ਾਰਾ ਲੈ ਸਕਣਗੇ । ਛੰਭ ਦੀ ਸੁੰਦਰਤਾ ਤੇ ਰੋਜ਼ਗਾਰ ਲਈ 3000 ਤਰ੍ਹਾਂ ਦੇ ਬੂਟੇ ਆਦਿ ਲਗਾਏ ਗਏ ਹਨ । ਇਸ ਇਲਾਕੇ ਦੇ ਕਈ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੋਇਆ ਹੈ । ਇਸ ਅਸਥਾਨ ਵਿੱਚ ਕੇਲੇ ਦੀ ਫ਼ਸਲ ਵੀ ਆਸਾਨੀ ਨਾਲ ਹੋ ਸਕਦੀ ਹੈ, ਕਿਉਂਕਿ ਇਸ ਇਲਾਕੇ ਵਿੱਚ ਕੇਲੇ ਦੇ ਭਰਪੂਰ ਬੂਟੇ ਵੇਖਣ ਨੂੰ ਮਿਲੇ ਹਨ ।

ਇਸ ਇਲਾਕੇ ਦੇ ਪਿੰਡਾਂ ਵਿੱਚ ਸੈਲਫ ਹੈਲਪ ਗਰੁੱਪ ਤਿਆਰ ਕੀਤੇ ਗਏ ਹਨ, ਜੋ ਬੂਟੀਆਂ ਤੇ ਪੌਦਿਆਂ ਤੋਂ ਅਨੇਕਾਂ ਕਾਰਜ ਕਰਨਗੇ । ਜਿਸ ਤਰ੍ਹਾਂ ਇਨ੍ਹਾਂ ਪੌਦਿਆਂ ਤੋਂ ਛਿੱਕੂ, ਪੱਖੀਆਂ, ਚੰਗੇਰਾਂ, ਮੂੜ੍ਹੇ ਅਤੇ ਘਰ ਦੀ ਸਜਾਵਟ ਲਈ ਕਈ ਤਰ੍ਹਾਂ ਦੀਆਂ ਚੀਜ਼ਾਂ ਤਿਆਰ ਕੀਤੀਆਂ ਜਾਣਗੀਆਂ । ਜੜ੍ਹੀ-ਬੂਟੀਆਂ ਤੋਂ ਦਵਾਈਆਂ ਵੀ ਤਿਆਰ ਕੀਤੀਆਂ ਜਾਣਗੀਆਂ ।

ਇਸ ਛੰਭ ਵਿੱਚ ਸੁੰਦਰ ਰਸਤੇ ਬਣਾਏ ਜਾ ਰਹੇ ਹਨ । ਲਗਭਗ 8 ਕਿਲੋਮੀਟਰ ਦੀਆਂ ਕੱਚੀਆਂ ਸੁੰਦਰ ਸੜਕਾਂ ਬਣਨਗੀਆਂ । ਇਸ ਸਾਰੇ ਪ੍ਰਯੋਜਨ ਵਿੱਚ ਇਸ ਪਛੜੇ ਸਰਹੱਦੀ ਇਲਾਕੇ ਦੇ ਅਨੇਕਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ । ਇਸ ਪਛੜੇ ਹੋਏ ਛੰਭ ਵਰਗਾ ਇਲਾਕਾ ਏਸ਼ੀਆ ਦੇ ਸੁੰਦਰ, ਦਿਲਕਸ਼, ਫਬੀਲਾ ਅਤੇ ਯਾਦਗਾਰੀ ਸਥਾਨ ਬਣੇਗਾ ।

ਇਸ ਸਾਰੇ ਪ੍ਰੋਜੈਕਟ ਲਈ ਸਕਾਟਲੈਂਡ ਤੋਂ ਆਈ ਇੱਕ ਮਹਿਲਾ ਵਿਗਿਆਨੀ ਨੇ ਵੱਖ-ਵੱਖ ਤਰ੍ਹਾਂ ਦੀ ਟ੍ਰੇਨਿੰਗ ਵੀ ਦਿੱਤੀ ਹੈ । ਇਸ ਇਲਾਕੇ ਨੂੰ ਵੇਖਣ ਲਈ ਦੇਸ਼-ਵਿਦੇਸ਼ ਦੇ ਲੋਕ ਆਉਂਦੇ ਰਹਿੰਦੇ ਹਨ, ਜਦੋਂਕਿ ਆਧੁਨਿਕ ਸਹੂਲਤਾਂ ਵਿੱਚ ਸਥਾਨ ਬਣ ਜਾਵੇਗਾ, ਤਾਂ ਇਸ ਸਥਾਨ ਦੀ ਮਹੱਤਤਾ, ਮਨੋਰੰਜਨ ਅਤੇ ਆਮਦਨ ਦੇ ਵਧਣ ਦੇ ਨਾਲ-ਨਾਲ ਵਿਸ਼ਵ-ਪ੍ਰਸਿੱਧੀ ਸਥਾਨ ਕਹਿਲਾਏਗਾ । ਇਸ ਸਾਰੇ ਪ੍ਰੋਜੈਕਟ ਦਾ ਸਮਾਂ ਤਿੰਨ ਸਾਲ ਹੈ ਜਦਕਿ ਇਸ ਦਾ ਇਕ ਸਾਲ ਪੂਰਾ ਹੋ ਚੁੱਕਾ ਹੈ ਅਤੇ ਕਾਫੀ ਕਾਰਜ ਪੂਰਾ ਹੋ ਚੁੱਕਾ ਹੈ । ਮਨਜੀਤ ਸਿੰਘ ਡਾਲਾ ਨੇ ਦੱਸਿਆ ਕਿ ਸੈਂਟਰ ਅਤੇ ਪੰਜਾਬ ਸਰਕਾਰ ਨੂੰ ਵਿਗਿਆਪਨ ਅਤੇ ਮੀਡੀਆ ਰਾਹੀਂ ਦੁਨੀਆਂ ਦੇ ਨਕਸ਼ੇ 'ਤੇ ਲਿਆਉਣਾ ਚਾਹੀਦਾ ਹੈ । ਕੇਸ਼ੋਪੁਰ ਛੰਭ ਦੀਆਂ ਸੰਪਰਕ ਸੜਕਾਂ ਨੂੰ ਮੇਨ ਹਾਈਵੇਅ ਨਾਲ ਜੋੜਿਆ ਜਾਏ । ਅੱਜ ਕੱਲ੍ਹ ਵੀ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਇਹ ਇਲਾਕਾ ਵੇਖਣ ਦੇ ਲਈ ਆਉਂਦੇ ਰਹਿੰਦੇ ਹਨ । ਦੇਸ਼-ਵਿਦੇਸ਼ ਦੇ ਲੋਕ ਦੂਰ-ਦੂਰ ਤੱਕ ਛੰਭ ਦਾ ਨਜ਼ਾਰਾ, ਅਦਭੁੱਤ ਕੁਦਰਤੀ ਦ੍ਰਿਸ਼ ਅਤੇ ਪੰਛੀਆਂ ਦਾ ਸੰਸਾਰ ਵੇਖਣ ਆਉਂਦੇ ਹਨ ।

ਇੱਕ ਤਜ਼ਰਬੇਕਾਰ ਕਿਸਾਨ ਮਨਮੋਹਨ ਸਿੰਘ ਧਕਾਲਵੀ ਨੇ ਦੱਸਿਆ ਕਿ ਕੁਝ ਸ਼ਰਾਰਤੀ ਲੋਕ ਅੱਜ ਵੀ ਲੁੱਕ ਛਿਪ ਕੇ ਇਨ੍ਹਾਂ ਪੰਛੀਆਂ ਦਾ ਸ਼ਿਕਾਰ ਕਰਦੇ ਹਨ, ਭਾਵੇਂ ਸ਼ਿਕਾਰ ਕਰਨ 'ਤੇ ਸਖ਼ਤ ਪਾਬੰਦੀ ਹੈ । ਉਸ ਨੇ ਦੱਸਿਆ ਕਿ ਛੰਭ ਦੇ ਇਲਾਕੇ ਵੱਲ ਲੋਕ ਤੜਕ ਸਵੇਰੇ ਜਾਂ ਰਾਤੀ ਟੂ-ਫੋਰ-ਡੀ ਨਾਮ ਦੀ ਦਵਾਈ ਖੇਤਾਂ ਵਿੱਚ ਜਾਂ ਛੱਪੜਾਂ ਦੇ ਨਜ਼ਦੀਕ ਪਾ ਦਿੰਦੇ ਹਨ, ਜਿਸ ਨੂੰ ਵੱਡੀ ਮੁਰਗਾਬੀ (ਸੈਰੋ) ਦੇ ਝੁੰਡ ਦਾਣਾ ਸਮਝ ਕੇ ਖਾ ਲੈਂਦੇ ਹਨ, ਜਿਸ ਨਾਲ ਇਨ੍ਹਾਂ ਦੀ ਮੌਤ ਹੋ ਜਾਂਦੀ ਹੈ । ਲੋਕ ਇਨ੍ਹਾਂ ਨੂੰ ਮਾਸ ਦੇ ਤੌਰ 'ਤੇ ਖਾ ਜਾਂਦੇ ਹਨ ਜਾਂ ਵੇਚ ਦੇਂਦੇ ਹਨ । ਖ਼ਾਸ ਤੌਰ 'ਤੇ ਪੰਡੋਰੀ-ਕਾਹਨੂੰਵਾਨ ਛੰਭ ਦੇ ਇਲਾਕੇ ਵੱਲ ਇਨ੍ਹਾਂ ਦਾ ਸ਼ਿਕਾਰ ਜ਼ਿਆਦਾ ਹੁੰਦਾ ਹੈ ।

ਦੱਸਿਆ ਜਾਂਦਾ ਹੈ ਕਿ ਕੂੰਝਾ ਜੋੜਾ (ਦੰਪਤੀ) ਇਕੱਠੇ ਉਡਦੇ ਹਨ । ਇਨ੍ਹਾਂ ਦਾ ਆਪਸੀ ਅਥਾਹ ਪਿਆਰ ਹੁੰਦਾ ਹੈ । ਇੱਕ ਕੂੰਜ ਚੋਗਾ ਚੁੱਗੇ ਤਾਂ ਦੂਸਰਾ ਸਿਰ ਚੁੱਕ ਕੇ ਰਖਵਾਲੀ ਕਰਦਾ ਹੈ । ਅਗਰ ਨਰ ਜਾਂ ਮਾਦਾ ਵਿੱਚੋਂ ਇਕ ਦਵਾਈ ਖਾਣ ਨਾਲ ਜਾਂ ਵੈਸੇ ਕਿਸੇ ਵਜ੍ਹਾ ਕਰਕੇ ਮਰ ਜਾਏ ਤਾਂ ਦੂਸਰਾ ਸਾਥੀ ਰੋ ਰੋ ਕੇ ਬੇਹਾਲ ਹੋ ਜਾਂਦਾ ਹੈ ਅਤੇ ਆਪਣੀ ਜਾਨ ਦੇ ਦੇਂਦਾ ਹੈ । ਕੂੰਝ ਦੇ ਪਿਆਰ ਦੀਆਂ ਅਨੇਕ ਕਹਾਣੀਆਂ-ਕਵਿਤਾਵਾਂ ਪ੍ਰਾਚੀਨ ਸਮੇਂ ਤੋਂ ਪ੍ਰਚਲਿਤ ਹਨ ।

ਕਿਸਾਨ ਮਨਮੋਹਨ ਨੇ ਦੱਸਿਆ ਕਿ ਛੰਭ ਦੇ ਇਲਾਕੇ ਵੱਲ ਪੰਛੀਆਂ ਦੀ ਆਮਦ ਦੀ ਸੰਖਿਆ ਇਸ ਕਰਕੇ ਘਟੀ ਹੈ ਕਿ ਖੇਤਾਂ ਜਾਂ ਮੱਛੀ ਦੇ ਛੱਪੜਾਂ ਦੇ ਆਲੇ-ਦੁਆਲੇ ਟੇਪ ਰਿਕਾਰਡ ਦੇ ਟੇਪ ਨਿਸ਼ਾਨੀਆਂ ਦੇ ਤੌਰ 'ਤੇ ਦੂਰ-ਦੂਰ ਦੇ ਬਾਂਸਾਂ ਦੇ ਨਾਲ ਤਾਰਾਂ ਦੀ ਤਰ੍ਹਾਂ ਬੰਨ੍ਹੀ ਜਾਂਦੀ ਹੈ । ਇਸ ਟੇਪ ਦੀ ਲਿਸ਼ਕ ਕਰਕੇ ਪੰਛੀ ਨਹੀਂ ਆਉਂਦੇ । ਨਦੀਨ ਨਾਸ਼ਕ ਦਵਾਈਆਂ ਦੀ ਭਰਮਾਰ ਕਰਕੇ ਵੀ ਪੰਛੀ ਆਉਣੇ ਘਟੇ ਹਨ । ਮਘ ਪੰਛੀਆਂ ਦਾ ਜ਼ਿਆਦਾ ਸ਼ਿਕਾਰ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿਚ ਮਾਸ ਜ਼ਿਆਦਾ ਹੁੰਦਾ ਹੈ ।

ਖੇਤਾਂ ਵਿਚ ਦਵਾਈਆਂ ਦੀ ਭਰਮਾਰ ਕਰਕੇ ਅਤੇ ਪੋਲੀਥੀਨ ਦੇ ਲਿਫਾਫਿਆਂ ਦੇ ਕਚਰੇ ਕਰਕੇ ਕਈ ਪ੍ਰਾਚੀਨ ਮਹੱਤਵਪੂਰਨ ਜਾਨਵਰ ਤੇ ਕੀਟ-ਪਤੰਗੇ ਖ਼ਤਮ ਹੁੰਦੇ ਜਾ ਰਹੇ ਹਨ । ਖਾਸ ਕਰਕੇ ਚੀਜ਼ ਵਹੁਟੀ, ਜੁਗਨੂੰ, ਚਿੜੀਆਂ ਅਤੇ ਇੱਲਾਂ ਵਿਰਲੀਆਂ ਹੀ ਲੱਭਦੀਆਂ ਹਨ । ਜੁਗਨੂੰ ਤਾਂ ਇਸ ਇਲਾਕੇ ਵੱਲ ਲਗਭਗ ਖ਼ਤਮ ਹੀ ਹੋ ਗਏ ਹਨ । ਸਬੰਧਿਤ ਮਹਿਕਮੇ ਨੂੰ ਚਾਹੀਦਾ ਹੈ ਕਿ ਕੀਟ-ਪਤੰਗਿਆਂ ਤੋਂ ਇਲਾਵਾ ਪੰਛੀਆਂ ਦੀ ਸਹੀ ਦੇਖਭਾਲ, ਸਾਂਭ-ਸੰਭਾਲ ਅਤੇ ਉਨ੍ਹਾਂ ਦਾ ਦਾਣਾ ਭੋਜਨ ਦਾ ਸਹੀ-ਸਹੀ ਪ੍ਰਬੰਧ ਕਰੇ ਤਾਂ ਜੋ ਕੁਦਰਤੀ ਮਾਹੌਲ ਵਿੱਚ ਖੂਬਸੂਰਤੀ ਬਣੀ ਰਹੇ ।

ਇਸ ਛੰਭ ਦੇ ਇਲਾਕੇ ਦੇ ਪਿੰਡਾਂ ਵਿੱਚ ਪੇਇੰਗ ਗੈਸਟ ਹਾਊਸ ਵੀ ਮਿਲ ਜਾਂਦੇ ਹਨ, ਕਿਉਂਕਿ ਵਿਦੇਸ਼ੀ ਲੋਕ ਪੇਇੰਗ ਗੈਸਟ ਹਾਊਸਾਂ ਵਿੱਚ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ । ਭਵਿੱਖ ਵਿੱਚ ਇਹ ਸਥਾਨ ਆਪਣੀ ਖੂਬਸੂਰਤੀ ਦੇ ਜ਼ਰੀਏ ਦੇਸ਼-ਵਿਦੇਸ਼ ਵਿੱਚ ਪ੍ਰਸਿੱਧੀ ਹਾਸਲ ਕਰਨ ਦੇ ਯੋਗ ਹੈ । ਵਧੇਰੇ ਜਾਣਕਾਰੀ ਲਈ ਮੋਬਾਇਲ ਨੰ. 9465379437 ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

# ਆਲੂ ਦੀ ਬਿਜਾਈ ਤੇਜ਼, 1.20 ਲੱਖ ਹੈਕਟੇਅਰ ਵਿੱਚ ਹੋਣ ਦੀ ਉਮੀਦ

★ ਬਰਸਾਤਾਂ ਕਾਰਨ ਝੋਨੇ ਦੀ ਵਾਢੀ ਪੱਛੜਨ ਨਾਲ ਆਲੂ ਦੀ ਬਿਜਾਈ ਦੇਰੀ ਨਾਲ ਹੋ ਸਕੀ ਸ਼ੁਰੂ

★ ਪਿਛਲੇ ਸਾਲ 1.20 ਲੱਖ ਹੈਕਟੇਅਰ ਰਕਬੇ ਵਿੱਚ 33.29 ਲੱਖ ਮੀਟ੍ਰਿਕ ਟਨ ਹੋਈ ਸੀ ਪੈਦਾਵਾਰ

ਸੂਬੇ ਅੰਦਰ ਵਿਸ਼ੇਸ਼ ਕਰਕੇ ਦੁਆਬੇ ਅੰਦਰ ਆਲੂ ਦੀ ਬਿਜਾਈ ਤੇਜ਼ੀ ਨਾਲ ਸ਼ੁਰੂ ਹੋ ਗਈ ਹੈ । ਬੇਸ਼ੱਕ ਇਸ ਸਾਲ ਬਰਸਾਤੀ ਸੀਜ਼ਨ ਲੰਮਾ ਹੋਣ ਅਤੇ ਹੜ੍ਹਾਂ ਕਾਰਨ ਆਲੂ ਦੀ ਬਿਜਾਈ ਦੇਰੀ ਨਾਲ ਸ਼ੁਰੂ ਹੋਈ, ਪਰ ਕਿਸਾਨਾਂ ਨੇ ਝੋਨਾ ਵੱਢਦਿਆਂ ਹੀ ਆਲੂ ਲਾਉਣ ਦਾ ਕੰਮ ਤੇਜ਼ ਕਰ ਦਿੱਤਾ ਹੈ । ਹਾਲਾਂਕਿ ਬਹੁਤੇ ਕਿਸਾਨ ਆਲੂ ਦੀ ਅਗੇਤੀ ਬਿਜਾਈ ਨਹੀਂ ਕਰ ਸਕੇ, ਪਰ ਫਿਰ ਵੀ ਕਿਸਾਨਾਂ ਵਿੱਚ ਆਲੂ ਬੀਜਣ ਲਈ ਉਤਸ਼ਾਹ ਕਾਇਮ ਹੈ ।



ਬਾਗਬਾਨੀ ਵਿਭਾਗ ਪੰਜਾਬ ਤੋਂ ਹਾਸਲ ਕੀਤੀ ਗਈ ਜਾਣਕਾਰੀ ਮੁਤਾਬਕ ਪਿਛਲੇ ਸਾਲ 2024 ਦੇ ਸੀਜ਼ਨ ਦੌਰਾਨ ਸੂਬੇ ਅੰਦਰ 1.20 ਲੱਖ ਹੈਕਟੇਅਰ ਰਕਬੇ ਵਿੱਚ ਆਲੂ ਦੀ ਬਿਜਾਈ ਕੀਤੀ ਗਈ ਸੀ । ਇਸ ਦਾ ਝਾੜ ਪ੍ਰਤੀ ਹੈਕਟੇਅਰ 28 ਟਨ ਸੀ ਅਤੇ ਕੁੱਲ ਉਤਪਾਦਨ 33,29,000 ਮੀਟ੍ਰਿਕ ਟਨ ਹੋਇਆ ਸੀ । ਵਿਭਾਗੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਾਲ ਬੇਸ਼ੱਕ ਆਲੂ ਦੀ ਬਿਜਾਈ ਦੇਰੀ ਨਾਲ ਸ਼ੁਰੂ ਹੋਈ, ਪਰ ਕਿਸਾਨਾਂ ਦਾ ਫ਼ਸਲ ਪ੍ਰਤੀ ਉਤਸ਼ਾਹ ਦੇਖਦੇ ਹੋਏ ਲੱਗਦਾ ਹੈ ਕਿ ਰਕਬੇ ਵਿੱਚ ਕਮੀ ਨਹੀਂ ਆਵੇਗੀ । ਜਲੰਧਰ ਜ਼ਿਲ੍ਹੇ ਦੇ ਪਿੰਡ ਰਾਣੀਭੱਟੀ ਦੇ ਆਲੂ ਉਤਪਾਦਕ ਕਿਸਾਨ ਮੁਕੇਸ਼ ਚੰਦਰ ਨੇ ਦੱਸਿਆ ਕਿ ਮੀਂਹਾਂ ਕਾਰਨ ਝੋਨੇ ਦੀ ਵਾਢੀ ਲੇਟ ਹੋ ਗਈ ਸੀ, ਜਿਸ ਕਾਰਨ ਆਲੂ ਦੀ ਬਿਜਾਈ ਪਿਛਲੇ ਸਾਲਾਂ ਦੇ ਮੁਕਾਬਲੇ ਪੱਛੜੀ ਹੈ, ਪਰ ਫਿਰ ਵੀ ਇਸ ਦੇ ਆਲੂ ਉਤਪਾਦਕ ਇਸ ਫ਼ਸਲ ਦੀ ਬਿਜਾਈ ਤੇਜ਼ੀ ਨਾਲ ਕਰ ਰਹੇ ਹਨ, ਤਾਂ ਜੋ ਅਕਤੂਬਰ ਦੇ ਅੰਤ ਤੱਕ ਬਿਜਾਈ ਪੂਰੀ ਕਰ ਲਈ ਜਾਵੇ । ਬਾਗਬਾਨੀ ਵਿਭਾਗ ਦੇ ਆਲੂ ਦੀ ਫ਼ਸਲ ਦੇ ਨੋਡਲ ਅਫਸਰ ਦਮਨਦੀਪ ਸਿੰਘ ਦਾ ਕਹਿਣਾ ਹੈ ਕਿ ਆਲੂ ਦੀ ਬਿਜਾਈ ਤੇਜ਼ੀ ਨਾਲ ਚੱਲ ਰਹੀ ਹੈ ਅਤੇ ਕਿਸਾਨਾਂ ਨੇ 50 ਫੀਸਦੀ ਰਕਬੇ ਵਿੱਚ ਬਿਜਾਈ ਕਰ ਲਈ ਹੈ । ਅਗਲੇ 8-10 ਦਿਨਾਂ ਦੌਰਾਨ ਬਿਜਾਈ ਪੂਰੀ ਹੋ ਜਾਵੇਗੀ ।

### ਸਮੱਸਿਆਵਾਂ ਵਿੱਚੋਂ ਲੰਘ ਰਹੇ ਨੇ ਆਲੂ ਉਤਪਾਦਕ

ਮੁਕੇਸ਼ ਚੰਦਰ ਨੇ ਦੱਸਿਆ ਕਿ ਆਲੂ ਉਤਪਾਦਕਾਂ ਨੂੰ ਡੀ. ਏ. ਪੀ. ਖਾਦ ਨਹੀਂ ਮਿਲ ਰਹੀ । ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਟਾਰੀ ਸਰਹੱਦ 'ਤੇ ਕੌਮਾਂਤਰੀ ਵਪਾਰ ਬੰਦ ਹੋਣ ਨਾਲ ਸਭ ਤੋਂ ਵਧੇਰੇ ਘਾਟਾ ਪੰਜਾਬ ਦੇ ਆਲੂ ਅਤੇ ਸਬਜ਼ੀ ਉਤਪਾਦਕਾਂ ਨੂੰ ਪਿਆ ਹੈ, ਕਿਉਂਕਿ ਪੰਜਾਬ ਦਾ ਆਲੂ ਅਤੇ ਸਬਜ਼ੀਆਂ ਸਭ ਤੋਂ ਵੱਧ ਅਰਬ ਦੇਸ਼ਾਂ ਨੂੰ ਇਸੇ ਰਸਤੇ ਤੋਂ ਜਾਂਦੀਆਂ ਸਨ । ਪਹਿਲਾਂ ਰੋਜ਼ਾਨਾ 60-70 ਟਰੱਕ ਸਬਜ਼ੀਆਂ ਅਤੇ ਆਲੂ ਦੇ ਜਾਂਦੇ ਸਨ, ਪਰ ਅਟਾਰੀ ਸਰਹੱਦ ਬੰਦ ਹੋਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਵੱਡਾ ਘਾਟਾ ਪਿਆ ਹੈ । ਮੁਕੇਸ਼ ਚੰਦਰ ਨੇ ਕਿਹਾ ਕਿ ਇਸ ਦੇ ਉਲਟ ਗੁਜਰਾਤ ਸਰਹੱਦ ਰਾਹੀਂ ਕੌਮਾਂਤਰੀ ਬਾਜ਼ਾਰ ਨੂੰ ਵਪਾਰ ਹਾਲੇ ਵੀ ਚੱਲ ਰਿਹਾ ਹੈ । ਕੀ ਪੰਜਾਬ ਰਾਹੀਂ ਇਹ ਵਪਾਰ ਨਹੀਂ ਹੋ ਸਕਦਾ ?

ਸਮੱਸਿਆਵਾਂ ਵਿੱਚੋਂ ਲੰਘ ਰਹੇ ਨੇ ਆਲੂ ਉਤਪਾਦਕ

ਮੁਕੇਸ਼ ਚੰਦਰ ਨੇ ਦੱਸਿਆ ਕਿ ਆਲੂ ਉਤਪਾਦਕਾਂ ਨੂੰ ਡੀ. ਏ. ਪੀ. ਖਾਦ ਨਹੀਂ ਮਿਲ ਰਹੀ । ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਟਾਰੀ ਸਰਹੱਦ 'ਤੇ ਕੌਮਾਂਤਰੀ ਵਪਾਰ ਬੰਦ ਹੋਣ ਨਾਲ ਸਭ ਤੋਂ ਵਧੇਰੇ ਘਾਟਾ ਪੰਜਾਬ ਦੇ ਆਲੂ ਅਤੇ ਸਬਜ਼ੀ ਉਤਪਾਦਕਾਂ ਨੂੰ ਪਿਆ ਹੈ, ਕਿਉਂਕਿ ਪੰਜਾਬ ਦਾ ਆਲੂ ਅਤੇ ਸਬਜ਼ੀਆਂ ਸਭ ਤੋਂ ਵੱਧ ਅਰਬ ਦੇਸ਼ਾਂ ਨੂੰ ਇਸੇ ਰਸਤੇ ਤੋਂ ਜਾਂਦੀਆਂ ਸਨ । ਪਹਿਲਾਂ ਰੋਜ਼ਾਨਾ 60-70 ਟਰੱਕ ਸਬਜ਼ੀਆਂ ਅਤੇ ਆਲੂ ਦੇ ਜਾਂਦੇ ਸਨ, ਪਰ ਅਟਾਰੀ ਸਰਹੱਦ ਬੰਦ ਹੋਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਵੱਡਾ ਘਾਟਾ ਪਿਆ ਹੈ । ਮੁਕੇਸ਼ ਚੰਦਰ ਨੇ ਕਿਹਾ ਕਿ ਇਸ ਦੇ ਉਲਟ ਗੁਜਰਾਤ ਸਰਹੱਦ ਰਾਹੀਂ ਕੌਮਾਂਤਰੀ ਬਾਜ਼ਾਰ ਨੂੰ ਵਪਾਰ ਹਾਲੇ ਵੀ ਚੱਲ ਰਿਹਾ ਹੈ । ਕੀ ਪੰਜਾਬ ਰਾਹੀਂ ਇਹ ਵਪਾਰ ਨਹੀਂ ਹੋ ਸਕਦਾ ?

**2023 ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਜ਼ਿਲ੍ਹੇਵਾਰ ਆਲੂ ਹੇਠਲਾ ਰਕਬਾ ਅਤੇ ਉਤਪਾਦਨ**

| ਜ਼ਿਲ੍ਹਾ | ਰਕਬਾ (ਹੈਕਟੇਅਰ 'ਚ) | ਉਤਪਾਦਨ (ਮੀਟ੍ਰਿਕ ਟਨ) |
|---|---|---|
| ਅੰਮ੍ਰਿਤਸਰ | 8589 | 224497 |
| ਬਰਨਾਲਾ | 1829 | 45663 |
| ਬਠਿੰਡਾ | 5961 | 163129 |
| ਫਿਰੋਜ਼ਪੁਰ | 3366 | 35620 |
| ਫਰੀਦਕੋਟ | 533 | 12898 |
| ਫਾਜ਼ਿਲਕਾ | 213 | 5799 |
| ਫਤਿਹਗੜ੍ਹ ਸਾਹਿਬ | 4953 | 130645 |
| ਗੁਰਦਾਸਪੁਰ | 906 | 22710 |
| ਹੁਸ਼ਿਆਰਪੁਰ | 18046 | 503570 |
| ਜਲੰਧਰ | 26295 | 740625 |
| ਕਪੂਰਥਲਾ | 10594 | 289195 |
| ਲੁਧਿਆਣਾ | 18552 | 541088 |
| ਮੋਗਾ | 7525 | 222484 |
| ਮਾਨਸਾ | 248 | 6050 |
| ਮੁਕਤਸਰ | 376 | 9538 |
| ਪਟਿਆਲਾ | 5106 | 136922 |
| ਪਠਾਨਕੋਟ | 4 | 106 |
| ਰੋਪੜ | 645 | 15619 |
| ਐਸ. ਬੀ. ਐਸ. ਨਗਰ | 2926 | 81360 |
| ਐਸ. ਏ. ਐਸ. ਨਗਰ | 1668 | 44379 |
| ਸੰਗਰੂਰ | 1143 | 31668 |
| ਤਰਨਤਾਰਨ | 2526 | 63572 |
| ਕੁੱਲ | 1.20 ਲੱਖ | 33.29 ਲੱਖ |

ਵੱਧ ਅਰਬ ਦੇਸ਼ਾਂ ਨੂੰ ਇਸੇ ਰਸਤੇ ਤੋਂ ਜਾਂਦੀਆਂ ਸਨ । ਪਹਿਲਾਂ ਰੋਜ਼ਾਨਾ 60-70 ਟਰੱਕ ਸਬਜ਼ੀਆਂ ਅਤੇ ਆਲੂ ਦੇ ਜਾਂਦੇ ਸਨ, ਪਰ ਅਟਾਰੀ ਸਰਹੱਦ ਬੰਦ ਹੋਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਵੱਡਾ ਘਾਟਾ ਪਿਆ ਹੈ । ਮੁਕੇਸ਼ ਚੰਦਰ ਨੇ ਕਿਹਾ ਕਿ ਇਸ ਦੇ ਉਲਟ ਗੁਜਰਾਤ ਸਰਹੱਦ ਰਾਹੀਂ ਕੌਮਾਂਤਰੀ ਬਾਜ਼ਾਰ ਨੂੰ ਵਪਾਰ ਹਾਲੇ ਵੀ ਚੱਲ ਰਿਹਾ ਹੈ । ਕੀ ਪੰਜਾਬ ਰਾਹੀਂ ਇਹ ਵਪਾਰ ਨਹੀਂ ਹੋ ਸਕਦਾ ?

# ਪੰਜਾਬ ਵਿੱਚ ਝੋਨੇ ਦੀ ਖਰੀਦ ਦਾ ਅੰਕੜਾ 100 ਲੱਖ ਟਨ ਤੋਂ ਪਾਰ

## ਝੋਨੇ ਦੀ ਵਾਢੀ 67 ਫੀਸਦੀ ਮੁਕੰਮਲ; ਰੋਪੜ ਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਕਟਾਈ ਸਿਖਰ 'ਤੇ

ਪੰਜਾਬ ਵਿੱਚ ਕਰੀਬ ਡੇਢ ਮਹੀਨੇ ਮਗਰੋਂ ਝੋਨੇ ਦੀ ਆਮਦ 100 ਲੱਖ ਟਨ ਦੇ ਅੰਕੜੇ ਨੂੰ ਪਾਰ ਕਰ ਗਈ ਹੈ । 29 ਅਕਤੂਬਰ ਦੀ ਸ਼ਾਮ ਤੱਕ ਸੂਬੇ ਵਿੱਚ 104.98 ਲੱਖ ਟਨ ਫ਼ਸਲ ਦੀ ਖਰੀਦ ਹੋ ਚੁੱਕੀ ਹੈ । ਐਤਕੀਂ ਝੋਨੇ ਦੀ ਸਰਕਾਰੀ ਖਰੀਦ 15 ਸਤੰਬਰ ਨੂੰ ਸ਼ੁਰੂ ਹੋ ਗਈ ਸੀ, ਪਰ ਮੰਡੀਆਂ ਵਿੱਚ ਫ਼ਸਲ ਕਾਫ਼ੀ ਪੱਛੜ ਕੇ ਆਈ ਹੈ । ਸੂਬੇ ਵਿੱਚ ਆਏ ਹੜ੍ਹਾਂ ਕਾਰਨ ਫ਼ਸਲ ਦੀ ਕਟਾਈ ਸਮੇਂ ਤੋਂ ਪੱਛੜੀ ਹੈ । ਪੰਜਾਬ ਵਿੱਚ ਹੁਣ ਤੱਕ 67 ਫੀਸਦੀ ਫ਼ਸਲ ਦੀ ਕਟਾਈ ਹੋ ਚੁੱਕੀ ਹੈ ਅਤੇ ਸਿਰਫ 33 ਫੀਸਦੀ ਹੀ ਬਾਕੀ ਹੈ । ਵਾਢੀ ਦੇ ਲਿਹਾਜ਼ ਨਾਲ ਪੰਜਾਬ ਸਰਕਾਰ ਦਾ ਖਰੀਦ ਦਾ ਟੀਚਾ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ ।



ਵੇਰਵਿਆਂ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਅਤੇ ਰੋਪੜ ਵਿੱਚ ਹੁਣ ਤੱਕ 90 ਫੀਸਦੀ ਵਾਢੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਜਦੋਂਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਕਪੂਰਥਲਾ, ਪਟਿਆਲਾ ਅਤੇ ਬਠਿੰਡਾ ਵਿੱਚ 80 ਫੀਸਦੀ ਝੋਨੇ ਦੀ ਕਟਾਈ ਹੋ ਚੁੱਕੀ ਹੈ । ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ 108.13 ਲੱਖ ਟਨ ਝੋਨੇ ਦੀ ਫ਼ਸਲ ਆ ਚੁੱਕੀ ਹੈ, ਜਿਸ ਵਿੱਚੋਂ 104.98 ਲੱਖ ਫ਼ਸਲ ਦੀ ਖਰੀਦ ਹੋ ਚੁੱਕੀ ਹੈ । ਪੰਜਾਬ ਖੁਰਾਕ ਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਆਖਦੇ ਹਨ ਕਿ ਕਿਸਾਨਾਂ ਨੂੰ ਹੁਣ ਤੱਕ ਖਰੀਦੀ ਫ਼ਸਲ ਬਦਲੇ 21 ਹਜ਼ਾਰ ਕਰੋੜ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ।

**ਪੰਜਾਬ ਵਿੱਚ ਏਜੰਸੀ ਵਾਰ ਖਰੀਦ**

| | |
|---|---|
| ਪਨਗ੍ਰੇਨ | 44.00 ਲੱਖ ਟਨ |
| ਮਾਰਕਫੈੱਡ | 26.90 ਲੱਖ ਟਨ |
| ਪਨਸਪ | 21.61 ਲੱਖ ਟਨ |
| ਵੇਅਰ ਹਾਊਸ | 12.04 ਲੱਖ ਟਨ |
| ਐਫ. ਸੀ. ਆਈ. | 30,149 ਟਨ |
| ਪ੍ਰਾਈਵੇਟ ਵਪਾਰੀ | 21,685 ਟਨ |

ਸੂਬੇ ਵਿੱਚ ਫ਼ਸਲੀ ਖਰੀਦ ਵਿੱਚ ਕੋਈ ਅੜਿੱਕਾ ਨਾ ਆਉਣ ਕਰਕੇ ਪੰਜਾਬ ਸਰਕਾਰ ਨੇ ਸੁੱਖ ਦਾ ਸਾਹ ਲਿਆ ਹੈ । ਇਸ ਵਾਰ ਫ਼ਸਲ ਦੀ ਪੈਦਾਵਾਰ ਘੱਟ ਗਈ ਹੈ ਅਤੇ ਝਾੜ ਕਰੀਬ 10 ਤੋਂ 15 ਫੀਸਦੀ ਪ੍ਰਭਾਵਿਤ ਹੋਣ ਦੀ ਗੱਲ ਕਹੀ ਜਾ ਰਹੀ ਹੈ । ਘੱਟ ਪੈਦਾਵਾਰ ਹੋਣ ਕਰਕੇ ਸ਼ੈਲਰ ਮਾਲਕ ਹੱਥੋ-ਹੱਥ ਫ਼ਸਲ ਚੁੱਕ ਰਹੇ ਹਨ । ਪੰਜਾਬ ਸਰਕਾਰ ਵੱਲੋਂ ਮੁੱਢਲੇ ਪੜਾਅ 'ਤੇ 175 ਲੱਖ ਟਨ ਫ਼ਸਲ ਦੀ ਖਰੀਦ ਦਾ ਟੀਚਾ ਰੱਖਿਆ ਗਿਆ ਸੀ, ਜਿਸ ਨੂੰ ਬਾਅਦ ਵਿੱਚ ਸੋਧ ਕੇ 165 ਲੱਖ ਟਨ ਕੀਤਾ ਗਿਆ ਹੈ । ਗੈਰ-ਸਰਕਾਰੀ ਸੂਤਰ ਆਖਦੇ ਹਨ ਕਿ 165 ਲੱਖ ਟਨ ਦਾ ਟੀਚਾ ਪੀ ਪੂਰਾ ਨਹੀਂ ਹੋਣਾ ਹੈ ।

# ਹੁਣ ਬਰਡ ਫਲੂ ਦੀ ਲਪੇਟ ਵਿੱਚ ਜਰਮਨੀ, 5 ਲੱਖ ਮੁਰਗੀਆਂ, ਬੱਤਖਾਂ ਅਤੇ ਹੰਸਾਂ ਦੀ ਮੌਤ

ਜਰਮਨੀ ਇਸ ਸਮੇਂ ਬਰਡ ਫਲੂ ਦੀ ਲਪੇਟ ਵਿੱਚ ਹੈ । ਇੱਕ ਰਿਪੋਰਟ ਦੇ ਅਨੁਸਾਰ ਇਸ ਲਾਗ ਕਾਰਨ ਸਤੰਬਰ ਦੀ ਸ਼ੁਰੂਆਤ ਤੋਂ ਹੁਣ ਤੱਕ 5 ਲੱਖ ਤੋਂ ਵੱਧ ਮੁਰਗੀਆਂ, ਬੱਤਖਾਂ, ਹੰਸ ਅਤੇ ਟਰਕੀ ਮਾਰੇ ਜਾ ਚੁੱਕੇ ਹਨ ।



ਇਹ ਲਾਗ ਐਚ-5-ਐਨ-1 ਨਾਂ ਦੇ ਇੱਕ ਛੂਤ ਵਾਲੇ ਵਾਇਰਸ ਕਾਰਨ ਹੁੰਦੀ ਹੈ, ਜਿਸ ਨੂੰ ਵਿਗਿਆਨਕ ਤੌਰ 'ਤੇ ਹਾਈਲੀ ਪੈਥੋਜੇਨਿਕ ਏਵੀਅਨ ਇਨਫਲੂਐਂਜ਼ਾ ਵਾਇਰਸ (ਐਚ. ਪੀ. ਏ. ਆਈ. ਵੀ.) ਕਿਹਾ ਜਾਂਦਾ ਹੈ ।

### 30 ਪੋਲਟਰੀ ਫਾਰਮਾਂ ਵਿੱਚ ਬਰਡ ਫਲੂ

ਜਰਮਨੀ ਦੀ ਅਧਿਕਾਰਤ ਜਾਨਵਰਾਂ ਦੀ ਬਿਮਾਰੀ ਨਿਗਰਾਨੀ ਕਰਨ ਵਾਲੀ ਏਜੰਸੀ ਫ੍ਰੈਡਰਿਕ ਲੋਇਫਲਰ ਇੰਸਟੀਚਿਊਟ ਦੇ ਅਨੁਸਾਰ ਹੁਣ ਤੱਕ ਦੇਸ਼ ਦੇ 30 ਪੋਲਟਰੀ ਫਾਰਮਾਂ ਵਿੱਚ ਬਰਡ ਫਲੂ ਦੇ ਮਾਮਲੇ ਸਾਹਮਣੇ ਆਏ ਹਨ । ਇਸ ਤੋਂ ਇਲਾਵਾ ਜੰਗਲੀ ਪੰਛੀਆਂ ਵਿੱਚ 73 ਮਾਮਲੇ ਪਾਏ ਗਏ ਹਨ । ਸੰਸਥਾ ਦਾ ਕਹਿਣਾ ਹੈ ਕਿ ਆਉਣ ਵਾਲੇ ਹਫਤਿਆਂ ਵਿੱਚ ਇਹ ਗਿਣਤੀ ਹੋਰ ਵੱਧ ਸਕਦੀ ਹੈ, ਕਿਉਂਕਿ ਇਸ ਸਮੇਂ 23 ਸ਼ੱਕੀ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ ।

ਬਰਡ ਫਲੂ ਦਾ ਪ੍ਰਕੋਪ ਆਮ ਤੌਰ 'ਤੇ ਨਵੰਬਰ ਦੇ ਆਸ-ਪਾਸ ਸ਼ੁਰੂ ਹੁੰਦਾ ਹੈ, ਜਦੋਂ ਪ੍ਰਵਾਸੀ ਪੰਛੀਆਂ ਦੀ ਆਮਦ ਸਿਖਰ 'ਤੇ ਹੁੰਦੀ ਹੈ, ਪਰ ਇਸ ਵਾਰ ਇਹ ਲਾਗ ਸਤੰਬਰ ਦੇ ਸ਼ੁਰੂ ਵਿੱਚ ਹੀ ਸ਼ੁਰੂ ਹੋ ਗਈ ਹੈ, ਜਿਸ ਕਾਰਨ ਮਾਹਿਰਾਂ ਨੂੰ ਡਰ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਹੋਰ ਵੀ ਵਿਗੜ ਸਕਦੀ ਹੈ । ਜਰਮਨੀ ਦੇ ਉੱਤਰੀ ਅਤੇ ਪੂਰਬੀ ਸੂਬੇ ਸਭ ਤੋਂ ਵੱਧ ਪ੍ਰਭਾਵਿਤ ਹਨ ।

# ਪੁਸ਼ਕਰ ਮੇਲਾ : 15 ਕਰੋੜ ਰੁਪਏ ਦਾ ਘੋੜਾ

## ਚੰਡੀਗੜ੍ਹ ਵਾਸੀ ਗੈਰੀ ਗਿੱਲ ਦੇ 'ਸ਼ਾਹਬਾਜ਼' ਨੂੰ ਦੇਖਣ ਪੁੱਜੇ ਵੱਡੀ ਗਿਣਤੀ ਵਿੱਚ ਲੋਕ

ਰਾਜਸਥਾਨ ਦੇ ਅਜਮੇਰ ਜ਼ਿਲ੍ਹੇ ਵਿੱਚ ਕੌਮਾਂਤਰੀ ਪੁਸ਼ਕਰ ਮੇਲੇ ਵਿੱਚ ਦੇਸ਼ ਦੇ ਵੱਖ-ਵੱਖ ਇਲਾਕਿਆਂ ਤੋਂ ਪਸ਼ੂਆਂ ਨੂੰ ਉਨ੍ਹਾਂ ਦੇ ਮਾਲਕ ਵੇਚਣ ਅਤੇ ਖਰੀਦ ਲਈ ਲਿਆਏ। ਚੰਡੀਗੜ੍ਹ ਦੇ ਗੈਰੀ ਗਿੱਲ ਦੇ ਅਸਤਬਲ ਦੇ ਢਾਈ ਸਾਲਾ ਘੋੜੇ ਸ਼ਾਹਬਾਜ਼ ਨੂੰ ਦੇਖਣ ਲਈ ਲੋਕਾਂ ਦੀ ਭੀੜ ਉਮੜੀ। ਮੇਲੇ ਵਿੱਚ 15 ਕਰੋੜ ਰੁਪਏ ਦਾ ਘੋੜਾ ਅਤੇ 23 ਕਰੋੜ ਰੁਪਏ ਦਾ ਝੋਟਾ ਲੋਕਾਂ ਲਈ ਖਿੱਚ ਦਾ ਕੇਂਦਰ ਬਣੇ ਹੋਏ ਹਨ। ਪੁਸ਼ਕਰ ਦਾ ਇਹ ਮੇਲਾ ਭਾਰਤ ਦੇ ਪ੍ਰਮੁੱਖ ਪਸ਼ੂ ਮੇਲਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿੱਥੇ ਪਸ਼ੂ-ਪਾਲਕ ਨਾ ਸਿਰਫ ਉੱਤਮ ਨਸਲਾਂ ਦੇ ਪਸ਼ੂ ਲੈ ਕੇ ਪਹੁੰਚਦੇ ਹਨ, ਸਗੋਂ ਇਨ੍ਹਾਂ ਵਿੱਚੋਂ ਕਈ ਪਸ਼ੂਆਂ ਦੀ ਕੀਮਤ ਵੀ ਰਿਕਾਰਡ ਤੋੜ ਹੁੰਦੀ ਹੈ।



ਰਾਜਸਥਾਨ ਦੇ ਸੈਰ-ਸਪਾਟਾ ਵਿਭਾਗ ਅਨੁਸਾਰ, ਅਧਿਕਾਰਤ ਤੌਰ 'ਤੇ ਪੁਸ਼ਕਰ ਮੇਲਾ 30 ਅਕਤੂਬਰ ਤੋਂ 5 ਨਵੰਬਰ ਤੱਕ ਚੱਲੇਗਾ। ਚੰਡੀਗੜ੍ਹ ਦੇ ਗੈਰੀ ਗਿੱਲ ਨੇ ਦੱਸਿਆ ਕਿ, "ਸ਼ਾਹਬਾਜ਼ ਕਈ ਸ਼ੋਅ ਜਿੱਤ ਚੁੱਕਾ ਹੈ ਅਤੇ ਇਹ ਇੱਕ ਵੱਕਾਰੀ ਵੰਸ਼ ਵਿੱਚੋਂ ਹੈ। ਇਸ ਦੀ 'ਕਵਰਿੰਗ ਫੀਸ' ਦੋ ਲੱਖ ਰੁਪਏ ਹੈ ਅਤੇ ਅਸੀਂ ਇਸ ਦੇ 15 ਕਰੋੜ ਰੁਪਏ ਮੰਗ ਰਹੇ ਹਾਂ।" ਕਵਰਿੰਗ ਫੀਸ ਮਾਦਾ ਪਸ਼ੂ ਨਾਲ ਮੇਲ (ਮੇਟਿੰਗ) ਲਈ ਨਰ ਪਸ਼ੂ ਦੇ ਮਾਲਕ ਨੂੰ ਦਿੱਤੀ ਜਾਣ ਵਾਲੀ ਕੀਮਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਮਾਰਵਾੜੀ ਨਸਲ ਦੇ ਇਸ ਘੋੜੇ ਲਈ ਉਸ ਨੂੰ ਨੌ ਕਰੋੜ ਰੁਪਏ ਤੱਕ ਦੀ ਪੇਸ਼ਕਸ਼ ਹੋ ਚੁੱਕੀ ਹੈ। ਸ਼ਾਹਬਾਜ਼ ਦੀ ਉੱਚਾਈ 65 ਇੰਚ ਹੈ। ਗੈਰੀ ਸ਼ਾਹਬਾਜ਼ ਤੋਂ ਇਲਾਵਾ 39 ਹੋਰ ਘੋੜੇ ਵੀ ਪਸ਼ੂ ਮੇਲੇ ਵਿੱਚ ਲੈ ਕੇ ਆਏ ਹਨ। ਮੇਲੇ ਵਿੱਚ ਬੀਕਾਨੇਰ ਦੇ ਪਸ਼ੂ-ਪਾਲਕ ਰਾਹੁਲ 10 ਲੱਖ ਰੁਪਏ ਕੀਮਤ ਦਾ 800 ਕਿਲੋ ਵਜ਼ਨ ਵਾਲਾ ਮੁਰ੍ਹਾ ਨਸਲ ਦਾ ਝੋਟਾ ਲੈ ਕੇ ਪੁੱਜੇ ਹਨ। ਮੇਲੇ ਵਿੱਚ ਗਾਂਵਾਂ ਦੀਆਂ ਤਿੰਨ ਵੱਖ-ਵੱਖ ਨਸਲਾਂ ਪਹੁੰਚੀਆਂ ਹਨ। ਇਸ ਵਾਰ ਪਸ਼ੂ ਮੇਲੇ ਦਾ ਇੱਕ ਹੋਰ ਵੱਡਾ ਖਿੱਚ ਦਾ ਕੇਂਦਰ 1500 ਕਿਲੋਗ੍ਰਾਮ ਵਜ਼ਨੀ ਝੋਟਾ 'ਅਨਮੋਲ' ਹੈ, ਜਿਸ ਦੀ ਕੀਮਤ 23 ਕਰੋੜ ਰੁਪਏ ਦੱਸੀ ਜਾ ਰਹੀ ਹੈ। ਇਸ ਦੇ ਮਾਲਕ ਪਲਮਿੰਦਰ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ 'ਅਨਮੋਲ' ਨੂੰ ਰਾਜਿਆਂ ਵਾਂਗ ਪਾਲਿਆ ਹੈ। ਉਸ ਨੂੰ ਹਰ ਰੋਜ਼ ਦੁੱਧ, ਦੇਸੀ ਘਿਓ ਅਤੇ ਸੁੱਕੇ ਮੇਵੇ ਖੁਆਏ ਜਾਂਦੇ ਹਨ। ਇਸ ਸੂਚੀ ਵਿੱਚ ਉਜੈਨ ਦਾ ਝੋਟਾ 'ਰਾਣਾ' ਵੀ ਸ਼ਾਮਲ ਹੈ, ਜਿਸ ਦੀ ਕੀਮਤ 25 ਲੱਖ ਰੁਪਏ ਦੱਸੀ ਜਾ ਰਹੀ ਹੈ। ਕਿਹਾ ਜਾਂਦਾ ਹੈ ਕਿ ਇਹ ਝੋਟਾ ਹਰ ਰੋਜ਼ ਲਗਭਗ 1,500 ਰੁਪਏ ਦੀ ਖੁਰਾਕ ਖਾਂਦਾ ਹੈ, ਜਿਸ ਵਿੱਚ ਬੇਸਨ, ਅੰਡੇ, ਤੇਲ, ਦੁੱਧ, ਘਿਓ ਅਤੇ ਲੀਵਰ ਟੌਨਿਕ ਸ਼ਾਮਿਲ ਹਨ। ਮੇਲੇ ਵਿੱਚ ਮੌਜੂਦ ਇੱਕ ਤਜ਼ਰਬੇਕਾਰ ਮਾਰਵਾੜੀ ਘੋੜੇ 'ਬਾਦਲ' ਦੇ ਮਾਲਕ ਦਾ ਦਾਅਵਾ ਹੈ ਕਿ ਘੋੜੇ ਦੀ 11 ਕਰੋੜ ਰੁਪਏ ਤੱਕ ਦੀ ਬੋਲੀ ਲੱਗ ਚੁੱਕੀ ਹੈ। ਪਸ਼ੂ ਮੇਲੇ ਵਿੱਚ ਰਾਜਸਥਾਨ ਤੋਂ ਇਲਾਵਾ ਹਰਿਆਣਾ, ਪੰਜਾਬ ਤੇ ਉੱਤਰ ਪ੍ਰਦੇਸ਼ ਦੇ ਪਸ਼ੂ-ਪਾਲਕ ਵੀ ਵੱਡੀ ਗਿਣਤੀ ਵਿੱਚ ਪੁੱਜੇ ਹਨ।



### 16 ਇੰਚ ਦੀ ਗਾਂ

ਬਗਰੂ (ਜੈਪੁਰ) ਦਾ ਅਭਿਨਵ ਤਿਵਾੜੀ ਪੁਸ਼ਕਰ ਮੇਲੇ ਵਿੱਚ ਵੱਖ-ਵੱਖ ਨਸਲਾਂ ਦੀਆਂ 15 ਤੋਂ ਵੱਧ ਗਾਵਾਂ ਲੈ ਕੇ ਆਏ ਹਨ, ਜਿਨ੍ਹਾਂ ਵਿੱਚੋਂ ਇੱਕ ਗਾਂ ਦਾ ਕੱਦ ਸਿਰਫ 16 ਇੰਚ ਹੈ। ਇਸ ਨੂੰ ਮੇਲੇ ਦੀ ਸਭ ਤੋਂ ਛੋਟੀਆਂ ਗਾਂਵਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।


ਖੇਤੀ ਦੁਨੀਆਂ

ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ ਲਈ 400/- ਰੁਪਏ

ਦੋ ਸਾਲ ਲਈ 700/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com




ਕਿਸਾਨ ਵੀਰੋ!

# ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਣਾਓ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਓ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**

**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**